Fair Advice Financial · Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Vol 18 * Issue 43
Daily Newspaper Monday, March 04, 2019
Tel: 905-793-2202 Fax: 905-793-2282 news@punjabipost.ca

# ਸ਼ੀਅਰ ਨੇ ਟਰੂਡੋ ਤੋਂ ਮੰਗਿਆ ਅਸਤੀਫਾ

## ਕੰਜ਼ਰਵੇਟਿਵ ਸਰਕਾਰ ਬਣਨ ਉੱਤੇ ਨਿਆਂ ਮੰਤਰੀ ਤੇ ਅਟਾਰਨੀ ਜਨਰਲ ਦੀਆਂ ਭੂਮਿਕਾਵਾਂ ਨੂੰ ਵੱਖ ਕਰਨਾ ਚਾਹੁਣਗੇ ਸ਼ੀਅਰ



ਓਟਵਾ, 3 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਲਗਾਤਾਰ ਅਸਤੀਫੇ ਦੀ ਮੰਗ ਕਰ ਰਹੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਦੀ ਪਾਰਟੀ ਵੱਲੋਂ ਅਗਲੀ ਸਰਕਾਰ ਬਣਾਈ ਜਾਂਦੀ ਹੈ ਤਾਂ ਉਹ ਨਿਆਂ ਮੰਤਰੀ ਤੇ ਅਟਾਰਨੀ ਜਨਰਲ ਦੀਆਂ ਭੂਮਿਕਾਵਾਂ ਨੂੰ ਵੱਖੋ ਵੱਖ ਕਰਨਾ ਚਾਹੁਣਗੇ।

ਜ਼ਿਕਰਯੋਗ ਹੈ ਕਿ ਐਸਐਨਸੀ ਲਾਵ-'ਲਿਨ ਮਾਮਲੇ ਵਿੱਚ ਜਦੋਂ ਜੋਡੀ ਵਿਲਸਨ ਰੇਅਬੋਲਡ ਨੇ ਧਮਕੀਆਂ ਮਿਲਣ ਤੇ ਕਈ ਤਰ੍ਹਾਂ ਦੇ ਸਿਆਸੀ ਦਬਾਅ ਪੈਣ ਦਾ ਦੋਸ਼ ਲਾਇਆ ਸੀ ਤਾਂ ਉਸ ਸਮੇਂ ਉਨ੍ਹਾਂ ਕੋਲ ਦੋਵੇਂ ਅਹੁਦੇ ਸਨ। ਕੈਨੇਡਾ ਵਿੱਚ ਇਸ ਤਰ੍ਹਾਂ ਦਾ ਦਬਾਅ ਉਸ ਸਿਧਾਂਤ ਦੇ ਉਲਟ ਹੈ ਜਿਸ ਵਿੱਚ ਇਹ ਤਾਂ ਆਖਿਆ ਗਿਆ ਹੈ ਕਿ ਅਟਾਰਨੀ ਜਨਰਲ ਕਿਸੇ ਮੁੱਦੇ ਉੱਤੇ ਕੈਬਨਿਟ ਦੇ ਕੁਲੀਗਜ਼ ਨਾਲ ਸਲਾਹ ਮਸ਼ਵਰਾ ਤਾਂ ਕਰ ਸਕਦਾ ਹੈ ਪਰ ਉਸ ਉੱਤੇ ਕਿਸੇ ਵੀ ਮਾਮਲੇ ਵਿੱਚ ਕੋਈ ਫੈਸਲਾ ਲੈਣ ਲਈ ਦਬਾਅ ਨਹੀਂ ਪਾਇਆ ਜਾ ਸਕਦਾ।

ਇੱਕ ਇੰਟਰਵਿਊ ਵਿੱਚ ਸ਼ੀਅਰ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਇਨ੍ਹਾਂ ਦੋਵਾਂ ਭੂਮਿਕਾਵਾਂ ਲਈ ਦੋ ਵੱਖਰੇ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਵੇ ਤਾਂ ਕਿ ਅਟਾਰਨੀ ਜਨਰਲ ਨੂੰ ਅਜਿਹੇ ਮਾਮਲਿਆਂ ਤੋਂ ਪਾਸੇ ਰੱਖਿਆ ਜਾਵੇ ਤੇ ਉਹ ਕੈਬਨਿਟ ਟੇਬਲ ਉੱਤੇ ਨਾ ਬੈਠੇ। ਇਹੀ ਪਹੁੰਚ ਬ੍ਰਿਟਿਸ਼ ਪਾਰਲੀਆਮੈਂਟਰੀ ਸਿਸਟਮ ਵਿੱਚ ਅਪਣਾਈ ਜਾਂਦੀ ਹੈ। ਸ਼ੀਅਰ ਨੇ ਅੱਗੇ ਆਖਿਆ ਕਿ ਕਈ ਸਾਲਾਂ ਤੱਕ ਇਹੋ ਸਿਸਟਮ ਚੱਲ ਰਿਹਾ ਸੀ। ਇਹ ਤਾਂ ਉਦੋਂ ਹੀ ਗੜਬੜ ਹੋਈ ਜਦੋਂ ਲਿਬਰਲ ਸੱਤਾ ਵਿੱਚ ਆਏ। ਉਸ ਸਮੇਂ ਹੀ ਇਸ ਤਰ੍ਹਾਂ ਦੇ ਸਵਾਲ ਉੱਠਣ ਲੱਗੇ।

ਜ਼ਿਕਰਯੋਗ ਹੈ ਕਿ ਕਮੇਟੀ ਸਾਹਮਣੇ ਪੇਸ਼ ਹੋਣ ਸਮੇਂ ਵਿਲਸਨ ਰੇਅਬੋਲਡ ਨੇ ਇਹ ਸਲਾਹ ਦਿੱਤੀ ਸੀ ਕਿ ਇਨ੍ਹਾਂ ਦੋਵਾਂ ਭੂਮਿਕਾਵਾਂ ਨੂੰ ਵੱਖਰਾ ਕਰਨ ਨਾਲ ਇਸ ਤਰ੍ਹਾਂ ਦੀ ਕਿਸੇ ਵੀ ਸਮੱਸਿਆ ਤੋਂ ਬਚਿਆ ਜਾ ਸਕੇਗਾ। ਇਸ ਮਾਮਲੇ ਤੋਂ ਬਾਅਦ ਸ਼ੀਅਰ ਨੇ ਆਰਸੀਐਮਪੀ ਨੂੰ ਚਿੱਠੀ ਲਿਖ ਕੇ ਮਾਮਲੇ ਦੀ ਜਾਂਚ ਕਰਨ ਦੀ ਮੰਗ ਕੀਤੀ ਸੀ। ਆਰਸੀਐਮਪੀ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਸ਼ੀਅਰ ਦੀ ਅਜਿਹੀ ਚਿੱਠੀ ਉਨ੍ਹਾਂ ਨੂੰ ਮਿਲ ਗਈ ਪਰ ਪਰ ਉਨ੍ਹਾਂ ਨਾ ਹੀ ਇਸ ਗੱਲ ਦੀ ਪੁਸ਼ਟੀ ਕੀਤੀ ਤੇ ਨਾ ਹੀ ਇਸ ਤੋਂ ਇਨਕਾਰ ਕੀਤਾ ਕਿ ਇਸ ਮਾਮਲੇ ਵਿੱਚ ਮੁਜਰਮਾਨਾ ਜਾਂਚ ਕੀਤੀ ਜਾਵੇਗੀ।

# ਸੀਬੀਐਸਏ ਤੇ ਆਰਸੀਐਮਪੀ ਦੇ ਮੈਂਬਰਾਂ ਖਿਲਾਫ ਹੁਆਵੇਈ ਦੀ ਸੀਐਫਓ ਨੇ ਠੋਕਿਆ ਕੇਸ



ਬ੍ਰਿਟਿਸ਼ ਕੋਲੰਬੀਆ, 3 ਮਾਰਚ (ਪੋਸਟ ਬਿਊਰੋ) : ਹੁਆਵੇਈ ਦੀ ਸੀਐਫਓ ਮੈਂਗ ਵਾਨਜ਼ੋਊ ਵੱਲੋਂ ਸਿਵਲ ਕੇਸ ਦਾਇਰ ਕਰਕੇ ਇਹ ਦੋਸ਼ ਲਾਇਆ ਗਿਆ ਹੈ ਕਿ ਕਈ ਕੈਨੇਡੀਅਨ ਏਜੰਸੀਆਂ ਵੱਲੋਂ ਉਸ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ।

ਸ਼ੁੱਕਰਵਾਰ ਨੂੰ ਇਹ ਕੇਸ ਬ੍ਰਿਟਿਸ਼ ਕੋਲੰਬੀਆ ਦੀ ਸਰਬਉੱਚ ਅਦਾਲਤ ਵਿੱਚ ਦਾਇਰ ਕਰਵਾਇਆ ਗਿਆ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਕੈਨੇਡੀਅਨ ਬਾਰਡਰ ਸਰਵਿਸ ਏਜੰਸੀ, ਦ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਤੇ ਅਟਾਰਨੀ ਜਨਰਲ ਆਫ ਕੈਨੇਡਾ ਨੇ ਮੈਂਗ ਨੂੰ ਨਜ਼ਰਬੰਦ ਕਰਨ ਲਈ ਰਲ ਕੇ ਕੰਮ ਕੀਤਾ ਤੇ ਇਸ ਤਰੀਕੇ ਨਾਲ ਸਬੂਤ ਇੱਕਠੇ ਕੀਤੇ ਜਿਨ੍ਹਾਂ ਨਾਲ ਉਸ ਦੇ ਚਾਰਟਰ ਅਧਿਕਾਰਾਂ ਦੀ ਉਲੰਘਣਾ ਹੋਈ।

...ਬਾਕੀ ਪੰਨਾ 6 'ਤੇ

# ਅਮਰੀਕਾ ਵੱਲੋਂ ਟੈਰਿਫ ਹਟਾਏ ਜਾਣ ਮਗਰੋਂ ਹੀ ਕੀਤੀ ਜਾਵੇਗੀ ਨਵੀਂ ਨਾਫਟਾ ਡੀਲ ਦੀ ਪੁਸ਼ਟੀ : ਮੈਕਸਿਕੋ



ਓਟਵਾ, 3 ਮਾਰਚ (ਪੋਸਟ ਬਿਊਰੋ) : ਨਵੇਂ ਨੌਰਥ ਅਮੈਰੀਕਨ ਫਰੀ ਟਰੇਡ ਸਮਝੌਤੇ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਮੈਕਸਿਕੋ ਦੀ ਕਾਂਗਰਸ ਨੂੰ ਅਹਿਮ ਲੇਬਰ ਸੁਧਾਰ ਬਿੱਲ ਪਾਸ ਕਰਨ ਲਈ ਆਖਿਆ ਜਾਵੇਗਾ। ਇਹ ਜਾਣਕਾਰੀ ਮੈਕਸਿਕੋ ਦੇ ਅਧਿਕਾਰੀਆਂ ਨੇ ਦਿੱਤੀ।

ਪਰ ਜਦੋਂ ਤੱਕ ਟਰੰਪ ਪ੍ਰਸ਼ਾਸਨ ਮੈਕਸਿਕੋ ਦੇ ਸਟੀਲ ਤੇ ਐਲੂਮੀਨੀਅਮ ਇੰਪੋਰਟ ਉੱਤੇ ਲਾਏ ਗਏ ਟੈਰਿਫਜ਼, ਜੋ ਕਿ ਅਮਰੀਕਾ ਵੱਲੋਂ ਕੈਨੇਡਾ ਉੱਤੇ ਵੀ ਲਾਏ ਗਏ ਹਨ, ਨੂੰ ਹਟਾ ਨਹੀਂ ਲੈਂਦਾ ਉਦੋਂ ਤੱਕ ਮੈਕਸਿਕੋ 25 ਸਾਲ ਪੁਰਾਣੇ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਨੂੰ ਕਾਇਮ ਰੱਖਣ ਤੇ ਯਥਾਸਥਿਤੀ ਬਰਕਰਾਰ ਰੱਖਣ ਲਈ ਤਿਆਰ ਹੈ। ਨਾਫਟਾ ਸਬੰਧੀ ਮੁੜ ਗੱਲਬਾਤ ਦੌਰਾਨ ਕੈਨੇਡਾ ਤੇ ਅਮਰੀਕਾ ਲਈ ਮੈਕਸਿਕੋ ਦੇ ਕਾਮਿਆਂ ਦੇ ਅਧਿਕਾਰਾਂ ਵਿੱਚ ਸੁਧਾਰ ਕਰਨਾ ਹੀ ਤਰਜੀਹੀ ਮੁੱਦਾ ਸੀ। ਅਜਿਹਾ ਇਸ ਲਈ ਕਿਉਂਕਿ ਦੋਵੇਂ ਦੇਸ਼ ਆਪਣੇ ਕਾਮਿਆਂ ਤੇ ਘੱਟ ਉਜਰਤਾਂ ਹਾਸਲ ਕਰਨ ਵਾਲੇ ਮੈਕਸਿਕੋ ਦੇ ਕਾਮਿਆਂ ਲਈ ਬਰਾਬਰੀ ਦਾ ਦਰਜਾ ਚਾਹੁੰਦੇ ਸਨ।

...ਬਾਕੀ ਪੰਨਾ 6 'ਤੇ

# ਜਗਦੀਸ਼ ਗਰੇਵਾਲ ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਐਸੋਸੀਏਸ਼ਨ ਦੇ ਕੋਆਰਡੀਨੇਟਰ ਨਿਯੁਕਤ



ਜਗਦੀਸ਼ ਗਰੇਵਾਲ



ਮਨਨ ਗੁਪਤਾ

ਬਰੈਂਪਟਨ, 3 ਮਾਰਚ (ਪੋਸਟ ਬਿਊਰੋ)- ਟੋਰਾਂਟੋ ਦੇ ਆਸਪਾਸ ਦੇ ਏਰੀਆ ਤੋਂ ਪ੍ਰਸਾਰਿਤ ਹੋਣ ਵਾਲੇ ਵੱਖ-ਵੱਖ ਰੇਡੀਓ ਤੇ ਟੀਵੀ ਪੋਗਰਾਮਾਂ ਦੇ ਸੰਚਾਲਕਾਂ ਵਲੋਂ ਬਣਾਈ ਸੰਸਥਾ ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਐਸੋਸੀਏਸਨ ਦੇ ਮੈਬਰਾਂ ਨੇ ਸਰਬ ਸੰਮਤੀ ਨਾਲ 2019 ਲਈ ਜਗਦੀਸ਼ ਗਰੇਵਾਲ ਨੂੰ ਕੋਆਰਡੀਨੇਟਰ ਥਾਪ ਦਿੱਤਾ ਹੈ। ਇਸ ਤੋਂ ਪਹਿਲਾਂ ਦੋ ਸਾਲ ਹਰਜਿੰਦਰ ਗਿਲ ਵਲੋਂ ਇਹ ਜ਼ਿੰਮੇਵਾਰੀ ਬਖੂਬੀ ਨਿਭਾਈ ਗਈ। ਸੰਸਥਾ ਦੇ ਵੱਖ-ਵੱਖ ਮੈਬਰਾਂ ਵਲੋਂ ਹਰਜਿੰਦਰ ਗਿੱਲ ਦਾ 2 ਸਾਲ ਦਿੱਤੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ ਹੈ। ਪਿਛਲੇ ਦੋ ਸਾਲਾਂ ਵਿਚ ਸੰਸਥਾ ਨੇ ਜਿਥੇ ਸੂਬਾਈ ਚੋਣਾਂ ਦੌਰਾਨ ਡੀਬੇਟਸ ਆਯੋਜਿਤ ਕੀਤੀਆਂ, ਉਥੇ ਹੀ ਮਿਉਂਸਪਲ ਚੋਣਾਂ ਦੌਰਾਨ ਵੀ ਅਜਿਹੇ ਪ੍ਰੋਗਰਾਮ ਉਲੀਕੇ ਗਏ, ਜਿਨ੍ਹਾਂ ਦੌਰਾਨ ਪੰਜਾਬੀ ਸਰੋਤਿਆਂ ਨੂੰ ਚਲੰਤ ਮਸਲਿਆਂ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ, ਤਾਂ ਜੋ ਸਹੀ ਲੋਕ ਰਾਏ ਬਣਾਈ ਜਾ ਸਕੇ। ਇਨ੍ਹਾਂ ਪ੍ਰੋਗਰਾਮਾਂ ਨੂੰ ਉਲੀਕਣ ਵਿਚ ਹਰਜਿੰਦਰ ਗਿਲ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਤੋਂ ਇਲਾਵਾ ਸੰਸਥਾ ਵਲੋਂ ਵੱਖ-ਵੱਖ ਸਿਆਸੀ ਅਤੇ ਸਮਾਜ ਸੁਧਾਰਕ ਸੰਸਥਾਵਾਂ ਨਾਲ ਵੀ ਮੀਟਿੰਗਾਂ ਆਯੋਜਿਤ ਕੀਤੀਆਂ ਗਈਆਂ ਤੇ ਭਾਈਚਾਰੇ ਲਈ ਹੋ ਰਹੇ ਚੰਗੇ ਕੰਮਾਂ 'ਚ ਵਧ ਚੜ੍ਹ ਕੇ ਹਿੱਸਾ ਪਾਇਆ। ਇਸ ਸੰਸਥਾ ਦੇ ਇਸ ਸਮੇਂ 30 ਦੇ ਕਰੀਬ ਮੈਬਰ ਹਨ, ਜੋ ਵੱਖ-ਵੱਖ ਰੇਡੀਓ ਤੇ ਟੀਵੀ ਚੈਨਲਾਂ ਤੋ ਆਪਣੇ ਪ੍ਰੋਗਰਾਮ ਪ੍ਰਸਾਰਿਤ ਕਰਦੇ ਹਨ। ਜਗਦੀਸ਼ ਗਰੇਵਾਲ, ਜੋ ਇਸ ਸੰਸਥਾ ਦੇ ਫਾਊਡਰ ਮੈਬਰ ਹਨ, ਨੇ ਸਾਰੇ ਸਾਥੀਆਂ ਦਾ ਇਹ ਜ਼ਿੰਮੇਵਾਰੀ ਸੌਂਪਣ ਲਈ ਜਿਥੇ ਧੰਨਵਾਦ ਕੀਤਾ, ਉਥੇ ਹੀ ਸਹਿਯੋਗ ਲਈ ਵੀ ਮੰਗ ਕੀਤੀ। ਇਸੇ ਤਰ੍ਹਾਂ ਹੀ ਸੋਢੀ ਨਾਗਰਾ, ਜੋ ਲੰਬੇ ਸਮੇ ਤੋਂ ਖਜਾਨਚੀ ਦੇ ਅਹੁਦੇ ਉਤੇ ਸਨ, ਉਨ੍ਹਾਂ ਦੀ ਥਾਂ ਉਤੇ ਹੁਣ ਮਨਨ ਗੁਪਤਾ ਨੂੰ ਇਹ ਅਹੁਦਾ ਸੰਭਾਲਿਆ ਗਿਆ ਹੈ। ਜਗਦੀਸ਼ ਗਰੇਵਾਲ ਨੇ ਦੱਸਿਆ ਕਿ ਪੰਜਾਬੀ ਭਾਈਚਾਰੇ ਲਈ ਇਹ ਇਕ ਬਹੁਤ ਬਿਹਤਰੀਨ ਪਲੇਟਫਾਰਮ ਬਣ ਚੁੱਕਿਆ ਹੈ। ਜਿਥੇ ਕੋਈ ਵੀ ਇਕ ਫੋਨ ਕਾਲ ਰਾਹੀਂ ਸੰਸਥਾ ਦੇ ਸਾਰੇ ਹੀ ਮੈਬਰਾਂ ਤੱਕ ਆਪਣਾ ਸੁਨੇਹਾ ਪਹੁੰਚਾ ਸਕਦਾ ਹੈ। ਇਸ ਮੌਕੇ ਕਲੱਬ ਦੇ ਪਹਿਲਾਂ ਰਹਿ ਚੁੱਕੇ ਕੋਆਰਡੀਨੇਟਰ ਰਣਧੀਰ ਰਾਣਾ ਵਲੋਂ ਵੀ ਜਿਥੇ ਹਰਜਿੰਦਰ ਗਿਲ ਦਾ ਧੰਨਵਾਦ ਕੀਤਾ ਗਿਆ, ਉਥੇ ਜਗਦੀਸ਼ ਗਰੇਵਾਲ ਅਤੇ ਮਨਨ ਗੁਪਤਾ ਨੂੰ ਸ਼ੁਭ ਇਛਾਵਾਂ ਵੀ ਦਿੱਤੀਆਂ।

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home · Auto · Business · Trucking · R.E.S.P · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential/Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
Insured & Licensed

HELPING YOUR PLAN TODAY......FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre · Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

HSBA TAX SERVICES ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

TOTAL HOME Windows & Doors
ਮੂੰਹੋ ਬੋਲਦੀ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਘਰ ਦੀ ਸ਼ਾਨ ਵਧਾਉ।
WINTER & SPRING SPECIAL SALE
•WINDOWS •FIBERGLASS DOORS
•STEEL DOORS •SLIDING PATIO DOORS
Guaranteed lowest Price up to 50% OFF
▪Honest & fair prices ▪Professional installation
▪High quality products ▪First class service
For 5 Stars Reviews Online & Testimonial visit: https://thwindowsdoors.com/testimonials/
Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

PATANJALI® Special on Sale
BUY 2 GET 1 FREE
✓Aloe Vera Gel
✓Herbal Toothpaste
✓Any Shampoo
✓Any Soap
BUY 2 GET 1 FREE Aloe Vera Gel
BUY 2 GET 1 FREE Toothpaste (Dant Kanti)
BUY 2 GET 1 FREE Hair Cleanser
Buy 1 and get 2nd 50% off
✓Tulsi Vati
✓Neem Vati
$4.99 +tax Whole Wheat Atta
416.356.3987
647.773.7657
www.patanjalisewakendrabrampton.ca
patanjalibrampton@gmail.com
22-2120 North park Dr. Brampton L6S 0C9 905-790-1118
124-1065 Canadian place Mississauga L4W 0C2 905-238-3131
503 Ray Lawson Blvd #3 Brampton L6Y 0N2

ਮੂੰਹੋ ਬੋਲਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere. No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™ AUTHORIZED DEALER
379 Main St. North, Brampton, ON
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਆਪ ਪਾਰਟੀ ਦਿੱਲੀ ਵਿੱਚ ਸਾਫ ਕਹਿੰਦੀ,
ਕਾਂਗਰਸ ਨਾਲ ਗਈ ਗੱਲ ਹੈ ਟੁੱਟ ਬੇਲੀ।
ਸਾਂਝ ਪਾਉਣ ਤੋਂ ਉਂਜ ਨਹੀਂ ਹਰਜ ਕੋਈ,
ਕਾਂਗਰਸ ਅੰਦਰ ਹੀ ਕਈ ਨੇ ਗੁੱਟ ਬੇਲੀ।
ਸੜਕ ਸਾਂਝ ਲਈ ਇੱਕ ਤਿਆਰ ਕਰਦਾ,
ਛੱਡਦਾ ਕਬਰ ਕੋਈ ਦੂਜਾ ਹੈ ਪੁੱਟ ਬੇਲੀ।
ਆਪਸ ਵਿੱਚ ਨਹੀਂ ਉਨ੍ਹਾਂ ਦੀ ਤਹਿ ਬੈਠੀ,
ਕਾਬੂ ਆਉਂਦੀ ਨਾ ਅੰਦਰ ਦੀ ਫੁੱਟ ਬੇਲੀ।
ਕਹਿੰਦਾ ਕੋਈ ਹਰਿਆਣੇ ਵਿੱਚ ਧਿਰ ਦੂਜੀ,
ਮੰਨਦੀ ਗੱਲ ਕੋਈ ਨਾ ਆਪ ਵਾਲਿਆਂ ਦੀ।
ਛੜਾਂ ਮਾਰ ਕੇ ਵਿਹੜਿਓਂ ਨਿਕਲ ਗਈ ਊ,
ਪਾਰਟੀ ਨਵੀਂ ਜਿਹੀ ਇੱਕ ਚੌਟਾਲਿਆਂ ਦੀ।

ਤੀਸ ਮਾਰ ਖਾਂ

# ਭਾਰਤ ਨੇ ਪਾਕਿਸਤਾਨ ਤੋਂ ਕੁਝ ਖ਼ਾਲਿਸਤਾਨ ਸਮੱਰਥਕਾਂ ਸਮੇਤ 20 ਜਣਿਆਂ ਦੀ ਹਵਾਲਗੀ ਮੰਗੀ

ਲਾਹੌਰ, 3 ਮਾਰਚ, (ਪੋਸਟ ਬਿਊਰੋ)- ਪਿਛਲੇ ਦੋ ਹਫਤਿਆਂ ਤੋਂ ਵੱਧ ਸਮੇਂ ਤੋਂ ਭਾਰਤ-ਪਾਕਿ ਵਿਚਾਲੇ ਨਵੇਂ ਬਣੇ ਤਣਾਅ ਦੇ ਦੌਰਾਨ ਭਾਰਤ ਨੇ ਪਾਕਿਸਤਾਨ ਤੋਂ 20 ਵਿਅਕਤੀਆਂ ਨੂੰ ਭਗੌੜੇ ਦੱਸ ਕੇ ਉਨ੍ਹਾਂ ਦੀ ਹਵਾਲਗੀ ਮੰਗ ਲਈ ਹੈ ਅਤੇ ਇਨ੍ਹਾਂ ਵਿਚੋਂ ਬਹੁਤੇ ਖ਼ਾਲਿਸਤਾਨ ਦੀ ਲਹਿਰ ਦੇ ਹਮਾਇਤੀ ਦੱਸੇ ਜਾ ਰਹੇ ਹਨ।

ਇਸ ਸੰਬੰਧ ਵਿੱਚ ਪਾਕਿਸਤਾਨੀ ਅਖ਼ਬਾਰ 'ਐਕਸਪ੍ਰੈਸ ਨਿਊਜ਼' ਨੇ ਸੂਤਰਾਂ ਦੇ ਹਵਾਲੇ ਨਾਲ ਦਿੱਤੀ ਰਿਪੋਰਟ ਵਿਚ ਕਿਹਾ ਹੈ ਕਿ ਭਾਰਤ ਨੇ ਇਮਰਾਨ ਖ਼ਾਨ ਸਰਕਾਰ ਨੂੰ ਭਗੌੜੇ ਕਹੇ ਜਾਂਦੇ 20 ਲੋਕਾਂ ਦੀ ਇੱਕ ਸੂਚੀ ਪੇਸ਼ ਕੀਤੀ ਹੈ, ਜਿਸ ਵਿਚੋਂ ਜ਼ਿਆਦਾਤਰ ਖ਼ਾਲਿਸਤਾਨ ਦੀ ਲਹਿਰ ਨਾਲ ਜੁੜੇ ਹੋਏ ਆਗੂ ਦੱਸੇ ਜਾਂਦੇ ਹਨ। ਇਸ ਰਿਪੋਰਟ ਮੁਤਾਬਕ ਭਾਰਤ ਵੱਲੋਂ ਭੇਜੀ ਗਈ ਸੂਚੀ ਵਿਚ ਬੱਬਰ ਖ਼ਾਲਸਾ ਦੇ ਆਗੂ ਵਧਾਵਾ ਸਿੰਘ, ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ ਦੇ ਆਗੂ ਰਣਜੀਤ ਸਿੰਘ, ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਪਰਮਜੀਤ ਸਿੰਘ ਪੰਜਵੜ, ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ ਦੇ ਆਗੂ ਲਖਬੀਰ ਸਿੰਘ ਅਤੇ ਹੈਪੀ ਸਿੰਘ ਦੇ ਨਾਂ ਵੀ ਦਰਜ ਕੀਤੇ ਗਏ ਹਨ।

ਵਰਨਣ ਯੋਗ ਹੈ ਕਿ ਭਾਰਤ ਵੱਲੋਂ ਪਾਕਿਸਤਾਨ ਉੱਤੇ ਖ਼ਾਲਿਸਤਾਨ ਲਹਿਰ ਨੂੰ ਸ਼ਹਿ ਦੇਣ ਦਾ ਦੋਸ਼ ਲੰਮੇ ਸਮੇਂ ਤੋਂ ਲਗਾਤਾਰ ਲਾਇਆ ਜਾਂਦਾ ਰਿਹਾ ਤੇ ਪਾਕਿਸਤਾਨ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਾ ਹੈ। ਖ਼ਾਲਿਸਤਾਨ ਸਮੱਰਥਕਾਂ ਦੀ ਸਰਗਰਮੀ ਦਾ ਮਾਮਲਾ ਪਿਛਲੇ ਸਾਲ ਤੋਂ ਕੈਨੇਡਾ ਵਿਚ ਵੀ ਚਰਚਾ ਦਾ ਵਿਸ਼ਾ ਰਿਹਾ ਹੈ ਤੇ ਫ਼ੈਡਰਲ ਸਰਕਾਰ ਦੇ ਪਬਲਿਕ ਸਕਿਓਰਟੀ ਵਿਭਾਗ ਦੀ ਇੱਕ ਰਿਪੋਰਟ ਵਿਚ ਪਹਿਲੀ ਵਾਰ ਇਸ ਦਾ ਜ਼ਿਕਰ ਕੀਤਾ ਦੱਸਿਆ ਜਾਂਦਾ ਹੈ। ਕੈਨੇਡਾ ਵਿਚ ਸਿੱਖ ਸੰਗਠਨਾਂ ਅਤੇ ਰਾਜ ਕਰਦੀ ਲਿਬਰਲ ਸਰਕਾਰ ਦੇ ਸਿੱਖ ਪਾਰਲੀਮੈਂਟ ਮੈਂਬਰਾਂ ਵੱਲੋਂ ਰਿਪੋਰਟ ਦੇ ਤੱਥਾਂ ਉੱਤੇ ਸਖ਼ਤ ਇਤਰਾਜ਼ ਕੀਤੇ ਜਾਣ ਪਿੱਛੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਦਾ ਭਰੋਸਾ ਦਿਤਾ ਗਿਆ ਸੀ।

# ਸੜਕ ਹਾਦਸੇ ਵਿੱਚ ਵਿਦਿਆਰਥਣ ਤੇ ਉਸ ਦੇ ਚਾਚੇ ਦੀ ਮੌਤ

ਅੱਪਰਾ, 3 ਮਾਰਚ (ਪੋਸਟ ਬਿਊਰੋ)- ਕਸਬਾ ਅੱਪਰਾ ਵਿੱਚ ਕੱਲ੍ਹ ਬਾਅਦ ਦੁਪਹਿਰ ਬੰਗਾ ਰੋਡ ਦੀ ਢੀਂਡਸਾ ਰਾਈਸ ਮਿੱਲ ਨੇੜੇ ਇਕ ਹਾਦਸੇ ਵਿੱਚ ਹਰਜੋਤ ਕੌਰ (ਲਗਭਗ 16 ਸਾਲ) ਪੁੱਤਰੀ ਰਾਮ ਪਾਲ ਅਤੇ ਉਸ ਦੇ ਚਾਚੇ ਲਛਮਣ ਦਾਸ (54 ਸਾਲ) ਪੰਡ ਮਸਾਣੀ ਦੀ ਮੌਤ ਹੋ ਗਈ। ਜੋਤੀ ਆਪਣੇ ਚਾਚੇ ਲਛਮਣ ਦਾਸ ਨਾਲ ਸਥਾਨਕ ਐਸ ਡੀ ਪਬਲਿਕ ਸਕੂਲ ਅੱਪਰਾ ਤੋਂ ਸਕੂਲ ਦੀ ਫੀਸ ਦੇ ਕੇ ਆਪਣੇ ਪਿੰਡ ਮਸਾਣੀ ਵਾਪਸ ਆ ਰਹੀ ਸੀ।

ਪਤਾ ਲੱਗਾ ਹੈ ਕਿ ਜਦੋਂ ਉਹ ਦਾਣਾ ਮੰਡੀ ਅੱਪਰਾ ਦੇ ਗੇਟ ਤੋਂ ਥੋੜ੍ਹਾ ਅੱਗੇ ਢੀਂਡਸਾ ਰਾਈਸ ਮਿੱਲ ਕੋਲ ਪਹੁੰਚੇ ਤਾਂ ਇਕ ਰੇਤ ਦੀ ਟਰਾਲੀ, ਜਿਸ ਨੂੰ ਹਰਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਭਰੋਮਾਜਰਾ, ਸ਼ਹੀਦ ਭਗਤ ਸਿੰਘ ਨਗਰ ਚਲਾ ਰਿਹਾ ਸੀ, ਕੋਲੋਂ ਲੰਘੀ ਤਾਂ ਉਹ ਟਾਇਰ ਹੇਠਾਂ ਡਿੱਗ ਪਏ। ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਸਰੀਰ ਬੁਰੀ ਤਰ੍ਹਾਂ ਪੀਸੇ ਗਏ। ਸੂਚਨਾ ਮਿਲਦੇ ਸਾਰ ਏ ਐਸ ਆਈ ਸੁਖਦੇਵ ਸਿੰਘ ਉਥੇ ਪਹੁੰਚੇ। ਉਨ੍ਹਾਂ ਦੱਸਿਆ ਕਿ ਬਿਆਨਾਂ ਉੱਤੇ ਹਰਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਭਰੋਮਾਜਰਾ 'ਤੇ ਪਰਚਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਮਸੂਦ ਅਜ਼ਹਰ ਦੇ ਮਾਰੇ ਜਾਣ ਦੀ ਹਰ ਪਾਸੇ ਚਰਚਾ

### ਸੱਚ ਜਾਨਣ ਲਈ ਖੁਫੀਆ ਏਜੰਸੀਆਂ ਵੱਲੋਂ ਜਾਂਚ ਜਾਰੀ



ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)- ਦਹਿਸ਼ਤਗਰਦ ਜਥੇਬੰਦੀ ਜੈਸ਼-ਇ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦੀ ਪਾਕਿਸਤਾਨ ਵਿੱਚ ਮੌਤ ਹੋ ਜਾਣ ਬਾਰੇ ਵਿੱਚ ਸ਼ੋਸਲ ਮੀਡੀਆ ਉੱਤੇ ਚੱਲਦੀਆਂ ਖਬਰਾਂ ਦੀ ਸੱਚਾਈ ਦਾ ਪਤਾ ਲਾਉਣ ਲਈ ਭਾਰਤ ਦੀ ਇੱਕ ਖੁਫੀਆ ਏਜੰਸੀ ਹਰ ਤਰ੍ਹਾਂ ਦੀ ਕੋਸ਼ਿਸ਼ ਕਰ ਰਹੀ ਹੈ।

ਅੱਜ ਐਤਵਾਰ ਨੂੰ ਖੁਫੀਆ ਏਜੰਸੀ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਤੋਂ ਇਲਾਵਾ ਕੋਈ ਜਾਣਕਾਰੀ ਨਹੀਂ ਕਿ ਮਸੂਦ ਅਜ਼ਹਰ ਦਾ ਪਾਕਿਸਤਾਨੀ ਫੌਜ ਦੇ ਇਕ ਹਸਪਤਾਲ ਵਿੱਚ ਇਲਾਜ ਚੱਲਦਾ ਹੈ ਅਤੇ ਉਸ ਦੇ ਦੋਵੇਂ ਗੁਰਦੇ ਖਰਾਬ ਹੋ ਚੁੱਕੇ ਹਨ। ਇਸ ਤੋਂ ਬਿਨਾਂ ਖਬਰਾਂ ਦੀ ਸੱਚਾਈ ਦਾ ਪਤਾ ਲਾਉਣ ਲਈ ਕੋਸ਼ਿਸ਼ ਜਾਰੀ ਹੈ।

ਪਾਕਿਸਤਾਨੀ ਪੰਜਾਬ ਵਿੱਚ ਬਹਾਵਲਪੁਰ ਦੇ ਵਸਨੀਕ ਮਸੂਦ ਅਜ਼ਹਰ ਨੇ ਸਾਲ 2000 ਵਿੱਚ ਜੈਸ਼-ਇ-ਮੁਹੰਮਦ ਨਾਂਅ ਦੀ ਦਹਿਸ਼ਤਗਰਦ ਜਥੇਬੰਦੀ ਬਣਾਈ ਸੀ। ਇਸ ਤੋਂ ਪਹਿਲਾਂ ਸਾਲ 1999 ਵਿੱਚ ਭਾਰਤ ਦੀ ਵਾਜਪਾਈ ਸਰਕਾਰ ਦੇ ਵਕਤ ਇੰਡੀਅਨ ਏਅਰਲਾਈਨਸ ਦੇ ਅਗਵਾ ਕਰ ਕੇ ਅਫਗਾਨਿਸਤਾਨ ਦੇ ਕੰਧਾਰ ਵਿੱਚ ਲਿਜਾ ਕੇ ਉਤਾਰੇ ਗਏ ਜਹਾਜ਼ ਦੇ ਮੁਸਾਫਰ ਛੁਡਾਉਣ ਬਦਲੇ ਜਿਹੜੇ ਅੱਤਵਾਦੀ ਛੱਡੇ ਗਏ ਸਨ, ਮਸੂਦ ਅਜ਼ਹਰ ਉਨ੍ਹਾਂ ਨਾਲ ਛੱਡਿਆ ਗਿਆ ਸੀ। ਉਸ ਦੇ ਖਿਲਾਫ ਸਾਲ 2001 ਵਿੱਚ ਭਾਰਤ ਦੇ ਪਾਰਲੀਮੈਂਟ ਭਵਨ ਉੱਤੇ ਹਮਲੇ ਦੀ ਸਾਜਿਸ਼, ਜੰਮੂ ਕਸ਼ਮੀਰ ਵਿਧਾਨ ਸਭਾ ਉੱਤੇ ਹਮਲੇ ਅਤੇ ਭਾਰਤੀ ਹਵਾਈ ਫੌਜ ਦੇ ਪਠਾਨਕੋਟ ਸਟੇਸ਼ਨ ਦੇ ਬਾਅਦ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਪਿਛਲੇ ਦਿਨੀਂ ਅੱਤਵਾਦੀ ਹਮਲੇ ਦੀ ਸਾਜਿਸ਼ ਰਚਣ ਦੇ ਦੋਸ਼ ਹਨ।

ਭਾਰਤ ਦੇ ਅਧਿਕਾਰੀਆਂ ਮੁਤਾਬਕ ਸ਼ੋਸ਼ਲ ਮੀਡੀਆ ਉੱਤੇ ਵੱਡੇ ਪੱਧਰ ਉੱਤੇ ਇਹ ਖਬਰਾਂ ਚੱਲੀਆਂ ਹਨ ਕਿ ਮਸੂਦ ਅਜ਼ਹਰ ਦੀ ਮੌਤ ਹੋ ਚੁੱਕੀ ਹੈ, ਪਰ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਹੋ ਸਕੀ। ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਦਹਿਸ਼ਤਗਰਦ ਹਮਲੇ ਵਿੱਚ ਸੀ ਆਰ ਪੀ ਐੱਫ ਦੇ 40 ਜਵਾਨਾਂ ਦੀ ਮੌਤ ਪਿੱਛੋਂ ਭਾਰਤੀ ਹਵਾਈ ਫੌਜ ਨੇ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਇ-ਮੁਹੰਮਦ ਦੇ ਅੱਤਵਾਦੀ ਕੈਂਪਾਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਸੀ। ਸਰਕਾਰ ਨੇ ਇਸ ਹਮਲੇ ਵਿੱਚ ਜੈਸ਼-ਇ-ਮੁਹੰਮਦ ਦੇ ਅੱਤਵਾਦੀ ਕੈਂਪਾਂ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਸੀ, ਪਰ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਮਸੂਦ ਅਜ਼ਹਰ ਪਾਕਿਸਤਾਨ ਵਿੱਚ ਹੈ ਤੇ ਉਸ ਦੀ ਸਿਹਤ ਬਹੁਤ ਖਰਾਬ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਭਾਰਤ ਠੋਸ ਸਬੂਤ ਪੇਸ਼ ਕਰੇ ਤਾਂ ਪਾਕਿਸਤਾਨ ਦੀ ਸਰਕਾਰ ਮਸੂਦ ਅਜ਼ਹਰ ਉੱਤੇ ਕਾਰਵਾਈ ਕਰ ਸਕਦੀ ਹੈ। ਕੁਰੈਸ਼ੀ ਨੇ ਕਿਹਾ ਸੀ ਕਿ ਉਹ ਮੇਰੀ ਸੂਚਨਾ ਮੁਤਾਬਕ ਮਸੂਦ ਅਜ਼ਹਰ ਪਾਕਿਸਤਾਨ ਵਿੱਚ ਹੈ ਅਤੇ ਉਹ ਏਨਾ ਬੀਮਾਰ ਹੈ ਕਿ ਆਪਣੇ ਘਰੋਂ ਵੀ ਨਹੀਂ ਨਿਕਲ ਸਕਦਾ।

# ਮੈਕਡੋਨਲਡ ਟੀ-ਪੁਆਇੰਟ ਉੱਤੇ ਫੋਰ ਵ੍ਹੀਲਰ ਨੇ ਬਾਈਕ ਸਵਾਰਾਂ ਨੂੰ ਕੁਚਲਿਆ, ਇੱਕ ਦੀ ਮੌਤ

ਜਲੰਧਰ, 3 ਮਾਰਚ (ਪੋਸਟ ਬਿਊਰੋ)- ਨੈਸ਼ਨਲ ਹਾਈਵੇ ਉੱਤੇ ਮੈਕਡੋਨਲਡ ਟੀ-ਪੁਆਇੰਟ 'ਤੇ ਟਰਨ ਲੈਂਦੇ ਸਮੇਂ ਬਾਈਕ ਸਵਾਰ ਦੋ ਨੌਜਵਾਨਾਂ ਨੂੰ ਟਾਟਾ 407 ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਇੱਕ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੂਸਰੇ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਸੂਚਨਾ ਉਤੇ ਪਹੁੰਚੀ ਪਰਾਗਪੁਰ ਚੌਕੀ ਪੁਲਸ ਦੇ ਇੰਚਾਰਜ ਕਮਲਜੀਤ ਨੇ ਜ਼ਖਮੀ ਨੌਜਵਾਨ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ।

ਚੌਕੀ ਇੰਚਾਰਜ ਕਮਲਜੀਤ ਨੇ ਦੱਸਿਆ ਕਿ ਪੁਲਸ ਨੇ ਟਾਟਾ 407 ਨੂੰ ਕਬਜ਼ੇ ਵਿੱਚ ਲੈ ਲਿਆ ਹੈ, ਪਰ ਡਰਾਈਵਰ ਫਰਾਰ ਹੋ ਗਿਆ ਹੈ। ਪਤਾ ਲੱਗਾ ਹੈ ਕਿ ਜਸ ਪੁੱਤਰ ਰਾਜਪਾਲ ਵਾਸੀ ਸੰਸਾਰਪੁਰ ਅਤੇ ਉਸ ਦਾ ਦੋਸਤ ਹੈਪੀ ਵਾਸੀ ਖੁਸਰੋਪੁਰ ਹਾਈਵੇ ਤੋਂ ਪਿੰਡ ਨੂੰ ਮੁੜ ਰਹੇ ਸਨ ਕਿ ਫਗਵਾੜਾ ਵੱਲੋਂ ਆਏ ਟਾਟਾ 407 ਨੇ ਮੈਕਡੋਨਲਡ ਟੀ-ਪੁਆਇੰਟ 'ਤੇ ਪਿੱਛਿਉਂ ਟੱਕਰ ਮਾਰ ਦਿੱਤੀ, ਜਿਸ ਕਾਰਨ ਪਿੱਛੇ ਬੈਠੇ ਹੈਪੀ ਦੀ ਮੌਕੇ 'ਤੇ ਮੌਤ ਹੋ ਗਈ। ਬਾਈਕ ਚਲਾ ਰਹੇ ਜੱਸ ਦੇ ਹੱਥਾਂ ਅਤੇ ਪੇਟ ਵਿੱਚ ਗੰਭੀਰ ਸੱਟਾਂ ਲੱਗੀਆਂ। ਦੋਵੇਂ ਨੌਜਵਾਨ ਮਿਲ ਕੇ ਕੈਟਰਿੰਗ ਦਾ ਕੰਮ ਕਰਦੇ ਸਨ ਤੇ ਦੇਰ ਰਾਤ ਡਿਲੀਵਰੀ ਦੇ ਕੇ ਘਰ ਆ ਰਹੇ ਸਨ। ਪੁਲਸ ਨੇ ਦੋਵਾਂ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੌਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਅਸਤੀਫ਼ਾ

ਅੰਮ੍ਰਿਤਸਰ, 3 ਮਾਰਚ, (ਪੋਸਟ ਬਿਊਰੋ)- ਸਿੱਖਾਂ ਦੇ ਚਾਰ ਤਖਤਾਂ ਵਿੱਚੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਹ ਅਸਤੀਫ਼ਾ ਉਨ੍ਹਾਂ ਨੇ ਤਖਤ ਪਟਨਾ ਸਾਹਿਬ ਦੇ ਬੋਰਡ ਦੇ ਜਨਰਲ ਸਕੱਤਰ ਨੂੰ ਭੇਜਿਆ ਹੈ।



ਮਿਲੀ ਜਾਣਕਾਰੀ ਅਨੁਸਾਰ ਗਿਆਨੀ ਇਕਬਾਲ ਸਿੰਘ ਨੇ ਲਿਖਿਆ ਹੈ ਕਿ ਉਨ੍ਹਾਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ 35 ਸਾਲ ਲਗਾਤਾਰ ਜਥੇਦਾਰ ਵਜੋਂ ਸੇਵਾ ਨਿਭਾਈ ਹੈ, ਪਰ ਕਈ ਧਾਰਮਿਕ ਤੇ ਸਿਆਸੀ ਆਗੂ ਰਾਜਨੀਤਕ ਤਾਕਤ ਦੀ ਵਰਤੋਂ ਨਾਲ ਉਨ੍ਹਾਂ ਨੂੰ ਬਦਨਾਮ ਕਰ ਕੇ ਝੂਠੇ ਕੇਸਾਂ ਵਿੱਚ ਫਸਾ ਰਹੇ ਹਨ। ਉਨ੍ਹਾਂ ਦੇ ਮੁਤਾਬਕ ਉਹ ਧਾਰਮਿਕ ਅਖੌਤੀ ਆਗੂਆਂ ਤੇ ਰਾਜਸੀ ਲੋਕਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਏ ਹਨ, ਇਸ ਕਰਕੇ ਉਹ ਬਿਨਾਂ ਕਿਸੇ ਦਬਾਅ ਜਾਂ ਡਰ ਦੇ ਅਸਤੀਫ਼ਾ ਦੇ ਰਹੇ ਹਨ। ਬਾਅਦ ਵਿੱਚ ਇਹ ਵੀ ਖਬਰ ਹੈ ਕਿ ਉਨ੍ਹਾਂ ਨੇ ਅਸਤੀਫਾ ਵਾਪਸ ਲੈ ਲਿਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗਿਆਨੀ ਇਕਬਾਲ ਸਿੰਘ ਉੱਤੇ ਲੱਗੇ ਦੋਸ਼ਾਂ ਦੀ ਜਾਂਚ ਦੇ ਲਈ ਉੱਚ ਪੱਧਰੀ 7 ਮੈਂਬਰੀ ਕਮੇਟੀ ਬਣਾਈ ਸੀ, ਜਿਸ ਵਿਚ ਬਾਬਾ ਹਰਨਾਮ ਸਿੰਘ ਮੁਖੀ ਦਮਦਮੀ ਟਕਸਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਭਗਵੰਤ ਸਿੰਘ ਸਿਆਲਕਾ, ਰਜਿੰਦਰ ਸਿੰਘ ਮਹਿਤਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਰਮਲ ਸਿੰਘ ਪ੍ਰਧਾਨ ਚੀਫ ਖ਼ਾਲਸਾ ਦੀਵਾਨ, ਇੰਦਰਜੀਤ ਸਿੰਘ ਗੋਗੋਆਣੀ, ਪ੍ਰਿੰਸੀਪਲ ਖਾਲਸਾ ਕਾਲਜ ਸਕੂਲ ਅੰਮ੍ਰਿਤਸਰ ਤੇ ਇੰਦਰਜੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੋਪੜ ਸ਼ਾਮਲ ਕੀਤੇ ਸਨ। ਇਸ ਕਮੇਟੀ ਨੂੰ ਕੇਸ ਦੀ ਜਾਂਚ ਕਰ ਕੇ ਤਿੰਨ ਦਿਨਾਂ ਵਿੱਚ ਅਕਾਲ ਤਖ਼ਤ ਵਿਖੇ ਰਿਪੋਰਟ ਦੇਣ ਨੂੰ ਕਿਹਾ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗਿਆਨੀ ਇਕਬਾਲ ਸਿੰਘ ਨੂੰ ਜਾਂਚ ਹੋਣ ਤਕ ਪੰਥਕ ਸੇਵਾਵਾਂ ਤੋਂ ਦੂਰ ਰਹਿਣ ਨੂੰ ਕਿਹਾ ਸੀ। ਇਹ ਕਾਰਵਾਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਬਿਹਾਰ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਤੇ ਪ੍ਰਧਾਨ, ਸਿੱਖ ਸੰਗਠਨਾਂ, ਸਿੰਘ ਸਭਾਵਾਂ, ਵੱਖ-ਵੱਖ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਸੰਗਤ ਵੱਲੋਂ ਲਗਾਤਾਰ ਜਥੇਦਾਰ ਇਕਬਾਲ ਸਿੰਘ ਦੇ ਖ਼ਿਲਾਫ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖਤੀ ਸ਼ਿਕਾਇਤਾਂ ਆਉਣ ਤੋਂ ਬਾਅਦ ਕੀਤੀ ਗਈ ਸੀ।

# ਰਾਹੁਲ ਗਾਂਧੀ ਦੇ ਗੜ੍ਹ ਵਿੱਚ ਮੋਦੀ ਦੀ ਰਾਜਨੀਤਕ ਲਲਕਾਰ

## * ਅਮੇਠੀ ਵਿੱਚ ਸੰਸਾਰ ਦੀ ਸਭ ਤੋਂ ਆਧੁਨਿਕ ਰਾਈਫਲ ਬਣੇਗੀ: ਮੋਦੀ



ਅਮੇਠੀ, 3 ਮਾਰਚ, (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਚੋਣ ਹਲਕੇ ਅਤੇ ਨਹਿਰੂ-ਗਾਂਧੀ ਪਰਵਾਰ ਦਾ ਗੜ੍ਹ ਗਿਣੇ ਜਾਂਦੇ ਅਮੇਠੀ ਵਿੱਚ ਅੱਜ ਪ੍ਰਧਾਨ ਮੰਤਰੀ ਵਜੋਂ ਪਹਿਲੀ ਵਾਰ ਆਏ ਨਰਿੰਦਰ ਮੋਦੀ ਵੱਡਾ ਤੋਹਫ਼ਾ ਦੇਣ ਦੇ ਨਾਲ ਹੀ ਭਵਿੱਖ ਦੀ ਰਾਜਨੀਤੀ ਦੀ ਝਲਕ ਵੀ ਦੇ ਗਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਏਥੇ 540 ਕਰੋੜ ਰੁਪਏ ਦੇ ਪ੍ਰੋਜੈਕਟ ਲੋਕਾਂ ਨੂੰ ਅਰਪਣ ਕੀਤੇ ਅਤੇ ਕੁਝ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ। ਇਸ ਪਿੱਛੋਂ ਮੋਦੀ ਨੇ ਲੋਕਾਂ ਤੋਂ ਤਿੰਨ ਵਾਰ ਵੀਰ ਜਵਾਨਾਂ, ਵਿਜੇ ਭਾਰਤੀ ਅਤੇ ਭਾਰਤ ਮਾਂ ਦਾ ਜੈਕਾਰਾ ਲਵਾਇਆ ਤੇ ਕਿਹਾ ਕਿ ਮੈਂ ਅਮੇਠੀ ਦੀ ਜ਼ਮੀਨ ਨੂੰ ਪ੍ਰਣਾਮ ਕਰਦਾ ਹਾਂ। ਅੱਜ ਮੈਂ ਚਾਰ ਸਾਲਾਂ ਤੋਂ ਸ਼ੁਰੂ ਹੋਏ ਪ੍ਰੋਜੈਕਟਾਂ ਨੂੰ ਇਸ ਨੂੰ ਹੋਰ ਅੱਗੇ ਵਧਾ ਰਿਹਾ ਹਾਂ। ਉਨ੍ਹਾਂ ਕਿਹਾ ਕਿ ਪਹਿਲਾਂ ਜੋ ਸਰਕਾਰ ਸੀ, ਉਸ ਨੇ ਸੁਰੱਖਿਆ ਫੋਰਸਾਂ ਨੂੰ ਨਜ਼ਰ ਅੰਦਾਜ਼ ਕਰਨ ਵਿੱਚ ਕਸਰ ਨਹੀਂ ਛੱਡੀ, ਸਾਡੀ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿੱਚ 2.30 ਲੱਖ ਤੋਂ ਵੱਧ ਬੂਲੇਟ ਪਰੂਫ ਜੈਕਟਾਂ ਦੇ ਆਰਡਰ ਦਿੱਤੇ ਹਨ। ਮੋਦੀ ਨੇ ਕਿਹਾ ਕਿ ਅਮੇਠੀ ਵਿੱਚ ਬਣਨ ਵਾਲੀ ਹਰ ਰਾਈਫਲ 'ਮੇਡ ਇਨ ਅਮੇਠੀ' ਦੇ ਨਾਂ ਨਾਲ ਜਾਣੀ ਜਾਵੇਗੀ ਅਤੇ ਅਮੇਠੀ ਦੇ ਲੋਕ 'ਏ ਕੇ-203' ਰਾਈਫਲ ਨਾਲ ਜਾਣੇ ਜਾਣਗੇ।

ਇਸ ਮੌਕੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਵੱਛਤਾ ਦੇ ਅਭਿਆਨ ਨੂੰ ਪਾਕਿਸਤਾਨ ਤੱਕ ਪਹੁੰਚਾ ਦਿੱਤਾ ਤੇ ਓਥੇ ਪਹੁੰਚ ਕੇ ਅੱਤਵਾਦ ਦਾ ਸਫਾਇਆ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਾਬਤ ਹੋ ਗਿਆ ਹੈ ਕਿ ਮੋਦੀ ਨੇ ਉਹ ਕੀਤਾ, ਜੋ ਇਸ ਤੋਂ ਪਹਿਲਾਂ ਕਦੇ ਨਹੀਂ ਹੋਇਆ ਸੀ।

ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਆਖਿਆ ਕਿ ਅਮੇਠੀ 'ਇਕ ਵਾਰ ਫਿਰ ਮੋਦੀ ਸਰਕਾਰ' ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ 25 ਹਜ਼ਾਰ ਦੀ ਆਬਾਦੀ ਦਾ ਕਸਬਾ ਹਾਹਾਕਾਰ ਕਰਦਾ ਰਿਹਾ, ਪਰ ਰਾਹੁਲ ਗਾਂਧੀ ਦੇ ਕੋਲ ਉਨ੍ਹਾਂ ਲਈ ਸਮਾਂ ਨਹੀਂ ਸੀ। ਇਸ ਹਲਕੇ ਦੇ ਪੀਪਰੀ ਪਿੰਡ ਨੇ ਕਟਾਨ ਵਿੱਚ ਜ਼ਮੀਨ ਵਹਿ ਜਾਣ ਕਾਰਨ 2014 ਵਿੱਚ ਲੋਕ ਸਭਾ ਚੋਣ ਦਾ ਬਾਈਕਾਟ ਕੀਤਾ ਸੀ, ਪਰ ਅਮੇਠੀ ਦੇ ਪਾਰਲੀਮੈਂਟ ਮੈਂਬਰ ਰਾਹੁਲ ਗਾਂਧੀ ਦੇ ਕੰਨ ਉੱਤੇ ਜੂੰ ਨਹੀਂ ਸਰਕੀ।

# ਟੈਕਸ ਨੀਤੀ ਕਾਰਨ ਡੋਨਾਲਡ ਟਰੰਪ ਭਾਰਤ ਉੱਤੇ ਭੜਕਿਆ



ਵਾਸ਼ਿੰਗਟਨ, 3 ਮਾਰਚ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਵਿਚ ਕਈ ਅਮਰੀਕੀ ਉਤਪਾਦਾਂ ਉੱਤੇ ਲਾਏ ਗਏ ਬਹੁਤ ਉੱਚੇ ਇੰਪੋਰਟ ਟੈਕਸ ਦੀ ਆਲੋਚਨਾ ਕੀਤੀ ਹੈ। ਇਸ ਕਾਰਨ ਭਾਰਤ ਬਾਰੇ ਭੜਕੇ ਹੋਏ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਵੀ ਭਾਰਤੀ ਉਤਪਾਦਾਂ ਉੱਤੇ ਸਮਾਨ ਟੈਕਸ ਲਾਉਣਾ ਚਾਹੁੰਦੇ ਹਨ। ਭਾਰਤ ਦੀ ਮਿਸਾਲ ਦੇਂਦੇ ਹੋਏ ਉਨ੍ਹਾਂ ਹਰ ਉਸ ਦੇਸ਼ ਨੂੰ ਖਰੀਆਂ-ਖਰੀਆਂ ਸੁਣਾਈਆਂ, ਜੋ ਅਮਰੀਕਾ ਨੂੰ ਆਪਣਾ ਸਾਮਾਨ ਬਿਨਾਂ ਟੈਕਸ ਭੇਜਣ ਦੇ ਬਾਵਜੂਦ ਅਮਰੀਕੀ ਉਤਪਾਦਾਂ ਉੱਤੇ ਵੱਡਾ ਟੈਕਸ ਲਾਉਂਦੇ ਹਨ। ਉਨ੍ਹਾਂ ਕਿਹਾ ਸੀ ਕਿ ਭਾਰਤੀ ਸਾਮਾਨ ਉੱਤੇ ਅਮਰੀਕਾ ਵਿਚ ਬਰਾਬਰ ਦਾ ਟੈਕਸ ਨਾ ਵੀ ਲਾਇਆ ਗਿਆ ਤਾਂ ਘੱਟੋ-ਘੱਟ ਇੰਨਾ ਜ਼ਰੂਰ ਹੋਵੇਗਾ ਕਿ ਉਹ ਕਿਸੇ ਭਾਰਤੀ ਉਤਪਾਦ ਨੂੰ ਅਮਰੀਕਾ ਵਿਚ ਬਿਨਾਂ ਟੈਕਸ ਦਾਖਲ ਨਹੀਂ ਹੋਣ ਦੇਣਗੇ।

ਅੱਜ ਵਾਸ਼ਿੰਗਟਨ ਡੀ ਸੀ ਦੇ ਸਬਰਬਨ ਇਲਾਕੇ ਮੈਰੀਲੈਂਡ ਵਿਚ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ (ਸੀ ਪੀ ਐੱਸ ਸੀ) ਨੂੰ ਸੰਬੋਧਨ ਕਰਦੇ ਹੋਏ ਡੋਨਾਲਡ ਟਰੰਪ ਨੇ ਕਈ ਗੱਲਾਂ ਤੋਂ ਭਾਰਤੀ ਨੀਤੀਆਂ ਉੱਤੇ ਇਤਰਾਜ਼ ਪ੍ਰਗਟ ਕੀਤਾ। ਰਾਸ਼ਟਰਪਤੀ ਵਜੋਂ ਅੱਜ ਤਕ ਦੇ ਸਭ ਤੋਂ ਲੰਬੇ ਅਤੇ ਦੋ ਘੰਟੇ ਤੋਂ ਵੱਧ ਲੰਮੇ ਭਾਸ਼ਣ ਵਿਚ ਡੋਨਾਲਡ ਟਰੰਪ ਭਾਰਤ ਨੂੰ ਮੁੜ-ਮੁੜ ਬਹੁਤ ਵੱਡੇ ਟੈਕਸ ਲਾਉਣ ਵਾਲਾ ਦੇਸ਼ ਦੱਸਦੇ ਰਹੇ। ਉਨ੍ਹਾਂ ਨੇ ਇਕ ਵਾਰ ਫਿਰ ਮਸ਼ਹੂਰ ਅਮਰੀਕੀ ਬਾਈਕ ਬਰਾਂਡ ਹਾਰਲੇ ਡੇਵਿਡਸਨ ਦੀ ਮਿਸਾਲ ਦੇਂਦੇ ਹੋਏ ਕਿਹਾ ਕਿ ਜਦੋਂ ਅਮਰੀਕਾ ਆਪਣੀ ਬਾਈਕ ਭਾਰਤ ਭੇਜਦਾ ਹੈ ਤਾਂ ਉਥੇ 100 ਫ਼ੀਸਦੀ ਟੈਕਸ ਲੱਗਦਾ ਹੈ, ਪਰ ਜਦੋਂ ਭਾਰਤ ਤੋਂ ਅਸੀਂ ਬਾਈਕ ਇੰਪੋਰਟ ਕਰਦੇ ਹਾਂ ਤਾਂ ਅਸੀਂ ਕੋਈ ਟੈਕਸ ਨਹੀਂ ਲੈਂਦੇ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਹੋਣਾ ਇਹ ਚਾਹੀਦਾ ਹੈ ਕਿ ਅਸੀਂ ਵੀ ਭਾਰਤੀ ਸਾਮਾਨ ਉੱਤੇ ਓਨਾ ਹੀ ਟੈਕਸ ਲਾਈਏ, ਜਿੰਨਾ ਉਹ ਸਾਡੇ ਸਾਮਾਨ ਉੱਤੇ ਲਾਉਂਦਾ ਹੈ। ਜੇ ਏਦਾਂ ਨਾ ਕੀਤਾ ਗਿਆ ਤਾਂ ਅਸੀਂ ਅਮਰੀਕਾ ਵਿੱਚ ਬਿਨਾਂ ਟੈਕਸ ਕੋਈ ਸਾਮਾਨ ਹੀ ਨਹੀਂ ਆਉਣ ਦਿਆਂਗੇ।

# ਭਾਰਤੀ ਪਹਿਲਵਾਨ ਬਜਰੰਗ ਪੂਨੀਆ ਨੇ ਬੁਲਗਾਰੀਆ ਵਿੱਚ ਗੋਲਡ ਮੈਡਲ ਜਿੱਤਿਆ



ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)- ਭਾਰਤ ਦੇ ਸਟਾਰ ਭਲਵਾਨ ਬਜਰੰਗ ਪੂਨੀਆ ਨੇ ਬੁਲਗਾਰੀਆ ਵਿਚ ਡਾਨ ਕੋਲੋਵ-ਨਿਕੋਲਾ ਪੇਤ੍ਰੋਵ ਟੂਰਨਾਮੈਂਟ ਵਿਚ ਗੋਲਡ ਮੈਡਲ ਜਿੱਤ ਲਿਆ ਅਤੇ ਉਸ ਨੇ ਇਸ ਜਿੱਤ ਨੂੰ ਭਾਰਤੀ ਹਵਾਈ ਫ਼ੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਸਮਰਪਿਤ ਕੀਤਾ ਹੈ।

ਅੱਜ ਆਪਣੀ ਇਸ ਜਿੱਤ ਮਗਰੋਂ ਬਜਰੰਗ ਪੂਨੀਆ ਨੇ ਟਵੀਟ ਕੀਤਾ ਕਿ ਮੈਂ ਆਪਣੇ ਇਸ ਗੋਲਡ ਮੈਡਲ ਨੂੰ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਸਮਰਪਿਤ ਕਰਦਾ ਹਾਂ। ਉਨ੍ਹਾਂ ਨੇ ਮੈਨੂੰ ਪ੍ਰੇਰਿਤ ਕੀਤਾ ਹੈ।

ਵਿਸ਼ਵ ਚੈਂਪੀਅਨਸ਼ਿਪ ਦੇ ਸਿਲਵਰ ਮੈਡਲ ਵਾਲੇ ਬਜਰੰਗ ਪੂਨੀਆ ਨੇ 65 ਕਿਲੋਗ੍ਰਾਮ ਫ੍ਰੀ-ਸਟਾਈਲ ਫਾਈਨਲ ਵਿਚ ਅਮਰੀਕਾ ਦੇ ਜੋਰਡਨ ਓਲੀਵਰ ਨੂੰ 12-3 ਨਾਲ ਹਰਾ ਦਿੱਤਾ। ਉਸ ਨੇ ਟੂਰਨਾਮੈਂਟ ਤੋਂ ਸਭ ਤੋਂ ਵੱਧ ਰੈਂਕਿੰਗ ਨੰਬਰ ਵੀ ਲਏ ਹਨ। ਬਜਰੰਗ ਪੂਨੀਆ ਨੇ ਪਿਛਲੇ ਸਾਲ ਕਾਮਨਵੈੱਲਥ ਅਤੇ ਏਸ਼ੀਆਈ ਖੇਡਾਂ ਵਿਚ ਵੀ ਗੋਲਡ ਮੈਡਲ ਜਿੱਤਿਆ ਸੀ। ਉਨ੍ਹਾਂ ਪਿਛਲੇ ਪੰਜ ਟੂਰਨਾਮੈਂਟਾਂ ਵਿਚ ਚਾਰ ਗੋਲਡ ਤੇ ਇਕ ਸਿਲਵਰ ਮੈਡਲ ਜਿੱਤਿਆ ਹੈ। ਇਹ ਪੂਨੀਆ ਦਾ ਦਸਵਾਂ ਮੈਡਲ ਹੈ, ਜੋ ਉਨ੍ਹਾਂ ਨੇ ਇੰਨੇ ਹੀ ਅੰਤਰਰਾਸ਼ਟਰੀ ਟੂਰਨਾਮੈਂਟਾਂ ਵਿਚ ਹਾਸਲ ਕੀਤਾ ਹੈ। ਇਨ੍ਹਾਂ ਦਸ ਟੂਰਨਾਮੈਂਟਾਂ ਤੋਂ ਪਹਿਲਾਂ ਉਹ ਪੈਰਿਸ ਵਿਚ 2017 ਵਿਸ਼ਵ ਚੈਂਪੀਅਨਸ਼ਿਪ ਵਿਚ ਪੋਡੀਅਮ ਸਥਾਨ ਉੱਤੇ ਆਉਣ ਤੋਂ ਨਾਕਾਮ ਰਹੇ ਸਨ। ਬਜਰੰਗ ਤੋਂ ਪਹਿਲਾਂ ਪੂਜਾ ਢਾਂਡਾ ਨੇ ਔਰਤਾਂ ਦੇ 59 ਕਿਲੋਗ੍ਰਾਮ ਵਰਗ ਵਿਚ ਗੋਲਡ ਅਤੇ ਸਾਕਸ਼ੀ ਮਲਿਕ ਨੇ 65 ਕਿਲੋਗ੍ਰਾਮ ਫ੍ਰੀ-ਸਟਾਈਲ ਮੁਕਾਬਲੇ ਦਾ ਸਿਲਵਰ ਮੈਡਲ ਜਿੱਤਿਆ ਸੀ। ਮਰਦਾਂ ਦੇ ਫ੍ਰੀ-ਸਟਾਈਲ ਵਿਚ ਸੰਦੀਪ ਤੋਮਰ ਨੂੰ 61 ਕਿਲੋਗ੍ਰਾਮ ਵਿਚ ਸਿਲਵਰ ਮੈਡਲ ਮਿਲਿਆ ਤੇ ਸਰਿਤਾ ਮੋਰ ਨੇ ਔਰਤਾਂ ਦੇ 59 ਕਿਲੋਗ੍ਰਾਮ ਵਰਗ ਦਾ ਸਿਲਵਰ ਮੈਡਲ ਜਿੱਤਿਆ ਹੈ, ਪਰ ਉਹ ਫਾਈਨਲ ਵਿੱਚ ਭਾਰਤ ਦੀ ਪੂਜਾ ਹੱਥੋਂ ਹਾਰ ਗਈ ਸੀ।

# ਪੰਜਾਬ ਦੇ ਮੰਤਰੀ ਵੱਲੋਂ ਵੀ ਆਈ ਪੀ ਸਨਮਾਨ ਨਾ ਮਿਲਣ ਕਾਰਨ ਮੁੱਖ ਮੰਤਰੀ ਨੂੰ ਸ਼ਿਕਾਇਤ

ਜਲੰਧਰ, 3 ਮਾਰਚ (ਪੋਸਟ ਬਿਊਰੋ)- ਇਹ ਸ਼ਿਕਾਇਤ ਅਜੇ ਤੱਕ ਵਿਰੋਧੀ ਪੱਖ ਦੇ ਵਿਧਾਇਕਾਂ ਨੂੰ ਸੀ, ਪਰ ਕਦੇ ਕਦੇ ਕੁਝ ਕਾਂਗਰਸੀ ਵਿਧਾਇਕਾਂ ਨੂੰ ਵੀ ਹੁੰਦੀ ਸੀ ਕਿ ਅਧਿਕਾਰੀ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ, ਪਰ ਪੰਜਾਬ ਦੇ ਇੱਕ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਵੀ ਮੁੱਖ ਮੰਤਰੀ ਨੂੰ ਇੱਕ ਪੱਤਰ ਲਿਖ ਕੇ ਅਫਸੋਸ ਪ੍ਰਗਟ ਕੀਤਾ ਹੈ ਕਿ 11 ਫਰਵਰੀ ਨੂੰ ਜਦੋਂ ਉਹ ਵਿਭਾਗ ਦੇ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਗਏ ਤਾਂ ਅੰਮ੍ਰਿਤਸਰ ਦੇ ਸਿਵਲ ਤੇ ਪੁਲਸ ਪ੍ਰਸ਼ਾਸਨ ਨੇ ਉਨ੍ਹਾਂ ਦੀ ਪ੍ਰਵਾਹ ਨਹੀਂ ਕੀਤੀ। ਦੋਸ਼ ਹੈ ਕਿ ਅਧਿਕਾਰੀਆਂ ਨੇ ਇੱਕ ਤਾਂ ਪ੍ਰੋਟੋਕੋਲ ਦੀ ਪਾਲਣਾ ਨਹੀਂ ਕੀਤੀ ਤੇ ਫਿਰ ਮੰਤਰੀ ਦੀ ਗੱਲ ਵੀ ਨਹੀਂ ਸੁਣੀ। ਬਲਬੀਰ ਸਿੰਘ ਸਿੱਧੂ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੇ ਕੈਬਨਿਟ ਮੰਤਰੀ ਹਨ।

ਮਿਲੀ ਜਾਣਕਾਰੀ ਅਨੁਸਾਰ ਪਿਛਲੀ 11 ਫਰਵਰੀ ਨੂੰ ਉਹ ਰਾਜਾਸਾਂਸੀ ਵਿੱਚ ਵਿਭਾਗ ਦੇ ਇੱਕ ਪ੍ਰੋਗਰਾਮ ਲਈ ਗਏ ਸਨ। ਸਰਕਾਰ ਦੇ ਤੈਅ ਕੀਤੇ ਪ੍ਰੋਟੋਕਾਲ ਅਨੁਸਾਰ ਜ਼ਿਲ੍ਹੇ ਦੇ ਉਚ ਪੁਲਸ ਅਧਿਕਾਰੀ ਦੌਰਾ ਕਰਨ ਵਾਲੇ ਮੰਤਰੀ ਨਾਲ ਤਾਲਮੇਲ ਕਰਦੇ ਹਨ ਤੇ ਉਨ੍ਹਾਂ ਨੂੰ ਸਨਮਾਨ ਦਿੱਤਾ ਜਾਂਦਾ ਹੈ, ਪਰ ਪ੍ਰਸ਼ਾਸਨ ਨੇ ਇੱਕ ਜੂਨੀਅਰ ਅਧਿਕਾਰੀ ਦੀ ਡਿਊਟੀ ਮੰਤਰੀ ਲਈ ਲਾ ਦਿੱਤੀ, ਮੰਤਰੀ ਨੇ ਇਸ ਦੀ ਸੂਚਨਾ ਪੁਲਸ ਤੇ ਸਿਵਲ ਪ੍ਰਸ਼ਾਸਨ ਨੂੰ ਪਹਿਲਾਂ ਦੇ ਦਿੱਤੀ ਸੀ। ਮੰਤਰੀ ਪੱਖ ਵੱਲੋਂ ਇਸ ਬਾਰੇ ਇੱਕ ਡੀ ਐੱਸ ਪੀ ਨਾਲ ਸੰਪਰਕ ਕੀਤਾ ਗਿਆ, ਪਰ ਉਸ ਡੀ ਐੱਸ ਪੀ ਨੇ ਕਿਸੇ ਹੋਰ ਪ੍ਰੋਗਰਾਮ ਵਿੱਚ ਬਿਜ਼ੀ ਹੋਣ ਦੀ ਗੱਲ ਕਰ ਕੇ ਪੱਲਾ ਝਾੜ ਲਿਆ ਸੀ। ਡਿਪਟੀ ਕਮਿਸ਼ਨਰ ਅਤੇ ਐੱਸ ਡੀ ਐੱਮ ਕਿਤੇ ਹੋਰ ਥਾਂ ਬਿਜ਼ੀ ਸਨ ਅਤੇ ਅਜਿਹੇ ਵਿੱਚ ਇੱਕ ਤਹਿਸੀਲਦਾਰ ਦੀ ਡਿਊਟੀ ਲਾ ਦਿੱਤੀ ਅਤੇ ਉਹ ਵੀ ਗੈਰ ਹਾਜ਼ਰ ਰਿਹਾ। ਮੰਤਰੀ ਇਸ ਵਿਹਾਰ 'ਤੇ ਬੇਹੱਦ ਖਫਾ ਹੋਏ। ਦਿਲਚਸਪ ਗੱਲ ਇਹ ਹੈ ਕਿ ਮੰਤਰੀ ਨੇ ਇਸ ਦੇ ਲਈ ਕਿਸੇ ਦੇ ਖਿਲਾਫ ਕਾਰਵਾਈ ਦੀ ਮੰਗ ਨਹੀਂ ਕੀਤੀ, ਬਲਕਿ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਭਵਿੱਖ ਵਿੱਚ ਅੰਮ੍ਰਿਤਸਰ ਪ੍ਰਸ਼ਾਸਨ ਨੂੰ ਪਾਬੰਦ ਕੀਤਾ ਜਾਵੇ ਕਿ ਉਹ ਪ੍ਰੋਟੋਕਾਲ ਦਾ ਪਾਲਣ ਕਰੇ।

# ਨਵਜੋਤ ਸਿੱਧੂ ਦਾ ਸਟੈਂਡ: ਸੰਵਾਦ ਅਤੇ ਕੂਟਨੀਤਕ ਦਬਾਅ ਹੀ ਦਹਿਸ਼ਤੀ ਸੰਗਠਨਾਂ ਦਾ ਖਾਤਮਾ ਕਰ ਸਕਦੈ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਇਹ ਕਹਿਣਾ ਹੈ ਕਿ ਸੰਵਾਦ ਅਤੇ ਕੂਟਨੀਤਕ ਦਬਾਅ ਵੱਡੇ ਪੱਧਰ ਉਪਰ ਅਤੇ ਲੰਮੇ ਸਮੇਂ ਲਈ ਸਰਹੱਦ ਦੇ ਇਸ ਅਤੇ ਉਸ ਪਾਸੇ ਸਰਗਰਮ ਦਹਿਸ਼ਤੀ ਸੰਗਠਨਾਂ ਦਾ ਖਾਤਮਾ ਕਰ ਸਕਦਾ ਹੈ।

ਕੱਲ੍ਹ ਇੱਕ ਖੁੱਲ੍ਹੀ ਚਿੱਠੀ ਲਿਖ ਕੇ ਨਵਜੋਤ ਸਿੰਘ ਸਿੱਧੂ ਨੇ ਇਹ ਸੋਚ ਪੇਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਹੱਦ ਦੇ ਦੋਵੇਂ ਪਾਸੇ ਕੂਟਨੀਤਕ ਲੋਕ ਬਰਬਾਦੀ ਦੀਆਂ ਗੋਂਦਾਂ ਗੁੰਦ ਰਹੇ ਹਨ। ਦੋਵੇਂ ਇੱਕ ਦੂਜੇ ਦੀ ਬਰਬਾਦੀ ਵੇਖਣਾ ਚਾਹੁੰਦੇ ਹਨ ਕਿਉਂਕਿ ਦੋਵੇਂ ਇੱਕ ਦੂਜੇ ਬਰਬਾਦੀ ਵਿੱਚ ਆਪਣਾ ਬਚਾਅ ਤੇ ਸੁਰੱਖਿਆ ਸਮਝਦੇ ਹਨ, ਪਰ ਇਹ ਸੋਚਣਾ ਇੱਕ ਭਰਮ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਸਾਡੇ ਮਨਾਂ ਵਿੱਚ ਡਰ ਅਣਸੱਦੇ ਮਹਿਮਾਨ ਵਾਂਗ ਘਰ ਕਰ ਗਿਆ ਹੈ। ਦਹਿਸ਼ਤ ਦਾ ਡਰ, ਮੌਤ ਦਾ ਡਰ, ਬਰਬਾਦੀ ਦਾ ਡਰ, ਬਰਬਾਦੀ ਦੀ ਭਾਵਨਾ ਦਾ ਡਰ ਸਾਡੇ ਸਾਹ ਸੂਤ ਰਿਹਾ ਹੈ। ਕੁਝ ਲੋਕਾਂ ਕੋਲ ਡਰਨ ਦਾ ਕੋਈ ਕਾਰਨ ਨਹੀਂ ਬਚਿਆ, ਕਿਉਂਕਿ ਉਨ੍ਹਾਂ ਦਾ ਡਰ ਸੱਚ ਹੋ ਗਿਆ ਹੈ। ਮੈਂ ਆਪਣੇ ਦੇਸ਼ ਦਾ ਦਰਦ ਸ਼ਹੀਦਾਂ ਦੇ ਪਰਵਾਰਾਂ ਦੇ ਚਿਹਰੇ ਉੱਤੇ ਵੇਖਿਆ ਹੈ। ਸਿੱਧੂ ਨੇ ਕਿਹਾ ਕਿ ਡਰ, ਡਰ ਨੂੰ ਜਨਮ ਦਿੰਦਾ ਹੈ, ਪਰ ਸੰਵਾਦ ਤੋਂ ਡਰ, ਨਵੀਂ ਗੱਲਬਾਤ ਤੋਂ ਡਰ, ਵੱਖਰਾ ਸੋਚਣ ਤੋਂ ਡਰ, ਉਨ੍ਹਾਂ ਵਿਚਾਰਾਂ ਤੋਂ ਡਰ ਲੱਗਦਾ ਹੈ, ਜੋ ਵਿਚਾਰ ਆਕਾਵਾਂ ਨੂੰ ਵੰਗਾਰਦੇ ਹਨ। ਸਿੱਧੂ ਨੇ ਕਿਹਾ, "ਮੈਂ ਆਪਣੇ ਦੇਸ਼ ਨਾਲ ਖੜ੍ਹਾ ਹਾਂ। ਮੈਂ ਆਜ਼ਾਦੀ ਘੁਲਾਟੀਏ ਦਾ ਪੁੱਤਰ ਹਾਂ ਤੇ ਮੇਰੀ ਸੱਚੀ ਦੇਸ਼ਭਗਤੀ ਦਾ ਇਮਤਿਹਾਨ ਮੇਰੀ ਨਿਡਰਤਾ ਹੈ। ਮੈਂ ਉਸ ਡਰ ਦੇ ਵਿਰੁੱਧ ਹਿੱਕ ਤਾਣ ਕੇ ਖੜ੍ਹਾ ਹਾਂ, ਜਿਸ ਡਰ ਕਰ ਕੇ ਸਾਡੇ ਵਿੱਚੋਂ ਬਹੁਤੇ ਚੁੱਪ ਹਨ। ਮੈਂ ਆਪਣੇ ਅਟੱਲ ਵਿਸ਼ਵਾਸ ਉਪਰ ਕਾਇਮ ਹਾਂ ਕਿ ਕੁਝ ਲੋਕਾਂ ਦੇ ਅਣਮਨੁੱਖੀ ਕੰਮਾਂ ਲਈ ਕਿਸੇ ਪੂਰੀ ਕੌਮ ਨੂੰ ਜ਼ਿੰਮੇਵਾਰ ਨਹੀਂ ਕਿਹਾ ਜਾ ਸਕਦਾ। ਸਾਡੇ ਪ੍ਰਧਾਨ ਮੰਤਰੀ ਨੇ ਭਾਵਨਾ ਪ੍ਰਗਟ ਕੀਤੀ ਹੈ ਕਿ ਸਾਡੀ ਲੜਾਈ ਦਹਿਸ਼ਤਗਰਦਾਂ ਤੇ ਮਨੁੱਖਤਾ ਦੇ ਦੁਸ਼ਮਣਾਂ ਵਿਰੁੱਧ ਹੈ, ਕਸ਼ਮੀਰ ਵਿਰੁੱਧ ਨਹੀਂ ਅਤੇ ਨਾ ਹੀ ਕਿਸੇ ਕਸ਼ਮੀਰੀ ਵਿਰੁੱਧ ਹੈ। ਸਾਡੀ ਵਿਦੇਸ਼ ਮੰਤਰੀ ਨੇ ਆਪਣੀ ਭਾਵਨਾ ਪ੍ਰਗਟ ਕੀਤੀ ਹੈ ਕਿ ਸਾਡੀ ਜੰਗ ਪਾਕਿਸਤਾਨ ਵਿਰੁੱਧ ਨਹੀਂ, ਦਹਿਸ਼ਤਗਰਦਾਂ ਦੀ ਸਥਾਪਤੀ ਵਿਰੁੱਧ ਹੈ।" ਸਿੱਧੂ ਨੇ ਕਿਹਾ, "ਮੈਂ ਆਪਣੇ ਇਸ ਵਿਸ਼ਵਾਸ ਉਤੇ ਕਾਇਮ ਹਾਂ ਕਿ ਸੰਵਾਦ ਅਤੇ ਕੂਟਨੀਤਕ ਦਬਾਅ ਵੱਡੇ ਪੱਧਰ ਉਪਰ ਅਤੇ ਲੰਮੇ ਸਮੇਂ ਲਈ ਸਰਹੱਦ ਦੇ ਇਸ ਤੇ ਉਸ ਪਾਰ ਸਰਗਰਮ ਦਹਿਸ਼ਤੀ ਸੰਗਠਨਾਂ ਦਾ ਖਾਤਮਾ ਕਰ ਸਕਦਾ ਹੈ। ਦਹਿਸ਼ਤ ਦਾ ਹੱਲ ਅਮਨ, ਵਿਕਾਸ ਅਤੇ ਉਨਤੀ ਹੈ ਨਾ ਕਿ ਬੇਰੁਜ਼ਗਾਰੀ, ਨਫਰਤ ਅਤੇ ਡਰ। ਭਾਰਤ ਮਾਤਾ ਦਾ ਕੋਈ ਵੀ ਪੁੱਤਰ ਆਪਣੇ ਪਿਆਰਿਆਂ ਤੋਂ ਵੱਖ ਨਹੀਂ ਹੋਣਾ ਚਾਹੀਦਾ, ਜਿਵੇਂ ਅੱਜ ਅਭਿਨੰਦਨ ਹੋਇਆ ਹੈ।"









## ਅੱਤਵਾਦ ਨੂੰ ਫੰਡਿੰਗ ਤੇ ਪਨਾਹ ਦੇਣੀ ਬੰਦ ਹੋਣੀ ਚਾਹੀਦੀ ਹੈ: ਸੁਸ਼ਮਾ

ਆਬੂਧਾਬੀ, 3 ਮਾਰਚ (ਪੋਸਟ ਬਿਊਰੋ)- ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਅੱਤਵਾਦ ਧਰਮ ਨੂੰ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਤੋਂ ਪੈਦਾ ਹੁੰਦਾ ਹੈ, ਜਿਹੜਾ ਸਭ ਲਈ ਖਤਰਨਾਕ ਹੈ।

ਆਰਗੇਨਾਈਜ਼ੇਸ਼ਨ ਆਫ ਇਸਲਾਮਿਕ ਕੋਆਪ੍ਰੇਸ਼ਨ (ਓ ਆਈ ਸੀ) ਦੀ ਬੈਠਕ 'ਚ ਪਹਿਲੀ ਵਾਰ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ ਅੱਤਵਾਦ ਵਿਰੁੱਧ ਲੜਾਈ ਕਿਸੇ ਧਰਮ ਦੇ ਵਿਰੁੱਧ ਨਹੀਂ ਹੈ। ਇਹ ਭਿਆਨਕ ਬੀਮਾਰੀ ਭੁਲੇਖਾ ਪਾਊ ਸ਼ਰਧਾ ਦੇ ਕਾਰਨ ਵਧਦੀ ਫੁੱਲਦੀ ਹੈ। ਸੁਸ਼ਮਾ ਸਵਰਾਜ ਨੇ ਆਪਣੇ ਭਾਸ਼ਣ ਵਿੱਚ ਪਾਕਿਸਤਾਨ ਦਾ ਨਾਂ ਲਏ ਬਿਨਾਂ ਕਿਹਾ ਕਿ ਜਿਸ ਤਰ੍ਹਾਂ ਇਸਲਾਮ ਦਾ ਮਤਲਬ ਅਮਨ ਹੈ ਅਤੇ ਅੱਲ੍ਹਾ ਦੇ 99 ਨਾਵਾਂ ਵਿੱਚੋਂ ਕਿਸੇ ਦਾ ਮਤਲਬ ਹਿੰਸਾ ਨਹੀਂ ਹੈ, ਇਸੇ ਤਰ੍ਹਾਂ ਦੁਨੀਆ ਦੇ ਸਭ ਧਰਮ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ। ਸੁਸ਼ਮਾ ਨੇ ਕਿਹਾ ਕਿ ਅੱਤਵਾਦ ਅਤੇ ਕੱਟੜਪੰਥ ਦੇ ਨਾਂ ਵੱਖ-ਵੱਖ ਹਨ। ਉਹ ਵੱਖ-ਵੱਖ ਕਾਰਨਾਂ ਦਾ ਹਵਾਲਾ ਦਿੰਦੇ ਹਨ, ਪਰ ਆਪਣੇ ਇਰਾਦੇ ਸਿਰੇ ਚਾੜ੍ਹਨ ਲਈ ਉਹ ਧਰਮ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹਨ। ਅੱਤਵਾਦ ਵਿਰੁੱਧ ਤਿੱਖੇ ਸ਼ਬਦਾਂ 'ਚ ਸੁਸ਼ਮਾ ਨੇ ਕਿਹਾ ਕਿ ਓ ਆਈ ਸੀ ਸਮੇਤ ਸਮੁੱਚੀ ਦੁਨੀਆ ਨੂੰ ਅੱਤਵਾਦੀਆਂ ਦੇ ਟਿਕਾਣੇ ਖਤਮ ਕਰਨ ਅਤੇ ਉਨ੍ਹਾਂ ਨੂੰ ਸਰਪ੍ਰਸਤੀ ਅਤੇ ਫੰਡ ਦੇਣ ਤੇ ਰੋਕ ਲਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਸਨਮਾਨਿਤ ਮਹਿਮਾਨ ਵਜੋਂ ਭਾਰਤ ਦੀ ਵਿਦੇਸ਼ ਮੰਤਰੀ ਨੇ ਕਿਹਾ ਕਿ ਜੇ ਅਸੀਂ ਮਨੁੱਖਤਾ ਦੀ ਰਾਖੀ ਕਰਨੀ ਚਾਹੁੰਦੇ ਹਾਂ ਤਾਂ ਅੱਤਵਾਦੀਆਂ ਨੂੰ ਹੱਲਾਸ਼ੇਰੀ ਦੇਣ ਵਾਲੇ ਦੇਸ਼ਾਂ ਨੂੰ ਕਹਿਣਾ ਹੋਵੇਗਾ ਕਿ ਉਹ ਆਪਣੀਆਂ ਹਰਕਤਾਂ ਨੂੰ ਬੰਦ ਕਰਨ। ਅੱਤਵਾਦ ਹਰ ਪਾਸੇ ਅਸਥਿਰਤਾ ਲਿਆ ਰਿਹਾ ਹੈ।

# ਪਾਕਿਸਤਾਨੀ ਲੋਕਾਂ ਹੀ ਕੁੱਟ-ਕੁੱਟ ਮਾਰ ਛੱਡਿਆ ਸੀ ਐੱਫ-16 ਦਾ ਪਾਕਿਸਤਾਨੀ ਪਾਇਲਟ

### * ਆਪਣੇ ਪਾਇਲਟ ਨੂੰ ਭਾਰਤੀ ਸਮਝ ਕੇ ਕੁੱਟਣ ਲੱਗੇ ਰਹੇ

ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)- ਭਾਰਤੀ ਹਵਾਈ ਫ਼ੌਜ ਦੇ ਹੀਰੋ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਤਾਂ ਸੁੱਖੀਂ-ਸਾਂਦੀਂ ਆਪਣੇ ਦੇਸ਼ ਆ ਗਏ, ਪਰ ਸਰਹੱਦ ਪਾਰ ਪਾਕਿਸਤਾਨੀ ਹਵਾਈ ਫ਼ੌਜ ਦਾ ਇਕ ਪਰਿਵਾਰ ਸੋਗ ਵਿੱਚ ਡੁੱਬਾ ਪਿਆ ਹੈ। ਉਸ ਦੇ ਆਪਣੇ ਹੀ ਦੇਸ਼ ਵਿੱਚ ਉਸ ਪਰਵਾਰ ਦੀ ਪਛਾਣ ਲੁਕਾ ਦਿੱਤੀ ਗਈ ਹੈ। ਸ਼ਰਮਿੰਦਗੀ ਤੋਂ ਬਚਣ ਲਈ ਉਸ ਪਰਵਾਰ ਦੇ ਨੌਜਵਾਨ ਦੀ ਸ਼ਹਾਦਤ ਨੂੰ ਉਸ ਦੇ ਆਪਣੇ ਦੇਸ਼ ਨੇ ਮੰਨਣ ਤੋਂ ਸਿਰ ਫੇਰ ਦਿੱਤਾ ਅਤੇ ਉਸ ਪਰਿਵਾਰ ਨੂੰ ਦੁਨੀਆ ਸਾਹਮਣੇ ਆਉਣ ਤੋਂ ਮਨ੍ਹਾ ਕਰ ਦਿੱਤਾ ਗਿਆ ਹੈ, ਕਿਉਂਕਿ ਪਾਕਿਸਤਾਨੀ ਫ਼ੌਜ ਦੇ ਉਸ ਪਾਇਲਟ ਨੂੰ ਆਪਣੇ ਹੀ ਦੇਸ਼ ਦੇ ਲੋਕਾਂ ਨੇ ਭਾਰਤੀ ਪਾਇਲਟ ਸਮਝ ਕੇ ਕੁੱਟ-ਕੁੱਟ ਕੇ ਮਾਰ ਸੁੱਟਿਆ ਹੈ।



ਪਤਾ ਲੱਗਾ ਹੈ ਕਿ ਭਾਰਤੀ ਹਵਾਈ ਫ਼ੌਜ ਨੇ ਜਿਹੜਾ ਪਾਕਿਸਤਾਨੀ ਜਹਾਜ਼ ਐੱਫ-16 ਨੂੰ ਡੇਗਿਆ ਸੀ, ਉਹ ਤੇਜ਼ੀ ਨਾਲ ਉੱਡਦਾ ਹੋਣ ਕਾਰਨ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੇ ਨੌਸ਼ਹਿਰਾ ਸੈਕਟਰ ਵਿੱਚ ਜਾ ਕੇ ਡਿੱਗਾ ਸੀ। ਉਸ ਦੇਸ਼ ਦੀ ਫੌਜੀ ਅਫਸਰਾਂ ਨੇ ਪਹਿਲਾਂ ਆਪਣਾ ਜਹਾਜ਼ ਡਿੱਗਣ ਦੀ ਗੱਲ ਰੱਦ ਕਰ ਕੇ ਇਹ ਦਾਅਵਾ ਕੀਤਾ ਕਿ ਉਨ੍ਹਾਂ ਦਾ ਜਹਾਜ਼ ਨਹੀਂ ਡਿੱਗਾ, ਭਾਰਤ ਦੇ ਦੋ ਡਿੱਗੇ ਹਨ। ਬਾਅਦ ਵਿੱਚ ਭਾਰਤੀ ਫ਼ੌਜਾਂ ਨੇ ਉਸ ਐੱਫ-16 ਜਹਾਜ਼ ਦੇ ਮਲਬੇ ਦੇ ਫੋਟੋ ਜਾਰੀ ਕਰਕੇ ਆਪਣਾ ਦਾਅਵਾ ਸਹੀ ਸਾਬਿਤ ਕੀਤਾ ਤਾਂ ਪਾਕਿਸਤਾਨ ਨੇ ਮੰਨ ਲਿਆ ਕਿ ਇੱਕ ਜਹਾਜ਼ ਉਨ੍ਹਾਂ ਦਾ ਆਪਣਾ ਡਿੱਗਾ ਸੀ। ਉਸ ਐੱਫ-16 ਜਹਾਜ਼ ਦੇ ਪਾਕਿਸਤਾਨੀ ਪਾਇਲਟ ਦਾ ਕੀ ਬਣਿਆ, ਇਹ ਉਸ ਪਿੱਛੋਂ ਕਿਸੇ ਨੂੰ ਪਤਾ ਨਹੀਂ ਲੱਗਣ ਦਿੱਤਾ ਗਿਆ। ਅਸਲ ਵਿੱਚ ਪਾਕਿਸਤਾਨੀ ਹਵਾਈ ਫ਼ੌਜ ਦਾ ਪਾਇਲਟ ਵਿੰਗ ਕਮਾਂਡਰ ਸ਼ਹਾਜ਼ੂਦੀਨ ਉਸ ਵੇਲੇ ਪੈਰਾਸ਼ੂਟ ਦੀ ਮਦਦ ਨਾਲ ਆਪਣੀ ਜਾਨ ਬਚਾਉਣ ਵਿੱਚ ਕਾਮਯਾਬ ਰਿਹਾ ਤੇ ਆਪਣੇ ਦੇਸ਼ ਦੇ ਕਬਜ਼ੇ ਵਾਲੇ ਖੇਤਰ ਵਿੱਚ ਉੱਤਰਿਆ ਸੀ, ਪਰ ਏਥੇ ਕਿਸਮਤ ਧੋਖਾ ਦੇ ਗਈ। ਪਾਕਿਸਤਾਨੀ ਲੋਕਾਂ ਨੇ ਉਸ ਨੂੰ ਭਾਰਤੀ ਸਮਝ ਕੇ ਕੁੱਟ-ਕੁੱਟ ਕੇ ਮਾਰ ਸੁੱਟਿਆ। ਵਿੰਗ ਕਮਾਂਡਰ ਸ਼ਹਾਜ਼ੂਦੀਨ ਦੇ ਪਿਤਾ ਵਸੀਮੁਦੀਨ ਵੀ ਪਾਕਿਸਤਾਨ ਹਵਾਈ ਫ਼ੌਜ ਵਿੱਚ ਏਅਰ ਮਾਰਸ਼ਲ ਰਹਿ ਚੁੱਕੇ ਹਨ। ਉਹ ਪਾਕਿਸਤਾਨੀ ਹਵਾਈ ਫ਼ੌਜ ਦੇ ਐੱਫ-16 ਅਤੇ ਮਿਰਾਜ ਜਹਾਜ਼ਾਂ ਨੂੰ ਬੜੀ ਖ਼ੂਬੀ ਨਾਲ ਉਡਾਉਂਦੇ ਰਹੇ ਹਨ।

ਸ਼ਹਾਜ਼ੂਦੀਨ ਦਾ ਜਹਾਜ਼ ਡਿੱਗਣ ਤੇ ਉਸ ਦੀ ਮੌਤ ਦੀ ਖ਼ਬਰ ਸਭ ਤੋਂ ਪਹਿਲਾਂ ਲੰਡਨ ਵਿੱਚ ਵਕੀਲ ਖਾਲਿਦ ਉਮਰ ਨੇ ਦਿੱਤੀ ਹੈ। ਉਸ ਦਾ ਪਕਿਸਤਾਨੀ ਪਾਇਲਟ ਦੇ ਪਰਿਵਾਰ ਨਾਲ ਨੇੜਲਾ ਸੰਬੰਧ ਹੈ। ਖਾਲਿਦ ਉਮਰ ਦੇ ਸੋਸ਼ਲ ਮੀਡੀਆ ਅਕਾਊਂਟ ਦੇ ਅਨੁਸਾਰ ਐੱਫ-16 ਜਹਾਜ਼ ਲਾਮ ਘਾਟੀ ਵਿੱਚ ਡਿੱਗਣ ਤੋਂ ਪਹਿਲਾਂ ਸ਼ਹਾਜ਼ੂਦੀਨ ਨੇ ਪੈਰਾਸ਼ੂਟ ਦੀ ਨਾਲ ਛਾਲ ਮਾਰੀ ਤੇ ਸੁਰੱਖਿਅਤ ਜ਼ਮੀਨ ਉੱਤੇ ਲੈਂਡ ਕਰ ਗਿਆ, ਪਰ ਪਾਕਿਸਤਾਨੀ ਜਹਾਜ਼ ਦਾ ਮਲਬਾ ਦੇਖ ਕੇ ਭੜਕੇ ਪਾਕਿਸਤਾਨੀ ਲੋਕਾਂ ਨੇ ਉਸ ਨੂੰ ਕੁੱਟ-ਕੁੱਟ ਕੇ ਅੱਧ-ਮਰਿਆ ਕਰ ਦਿੱਤਾ। ਖਾਲਿਦ ਉਮਰ ਦਾ ਦਾਅਵਾ ਹੈ ਕਿ ਉਸ ਨੂੰ ਫਿਰ ਹਸਪਤਾਲ ਲਿਆਂਦਾ ਗਿਆ ਸੀ, ਪਰ ਬਚਾਇਆ ਨਹੀਂ ਜਾ ਸਕਿਆ। ਮਰਨ ਵਾਲਾ ਵਿੰਗ ਕਮਾਂਡਰ ਸ਼ਹਾਜ਼ੂਦੀਨ ਪਾਕਿਸਤਾਨੀ ਹਵਾਈ ਫ਼ੌਜ ਦੇ 19 ਸਕਵਾਡਰਨ ਵਿੱਚੋਂ ਸੀ। ਇਸ ਸਕਵਾਡਰਨ ਨੂੰ ਪਾਕਿਸਤਾਨ ਵਿੱਚ 'ਸ਼ੇਰ-ਦਿਲਸ' ਕਿਹਾ ਜਾਂਦਾ ਹੈ, ਕਿਉਂਕਿ ਇਸ ਸਕਵਾਡਰਨ ਨੇ ਭਾਰਤ ਦੇ ਖਿਲਾਫ 1965 ਅਤੇ 1971 ਦੇ ਜੰਗਾਂ ਵਿੱਚ ਬਹਾਦਰੀ ਵਿਖਾਈ ਸੀ।

## ਮੁਸਤਫਾ ਦੀ ਅਰਜ਼ੀ ਦੀ ਸੁਣਵਾਈ ਪੰਜ ਮਾਰਚ ਤੱਕ ਟਲੀ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਦੀ ਐਂਟੀ ਡਰੱਗ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐਫ) ਦੇ ਅਧਿਕਾਰੀ ਮੁਹੰਮਦ ਮੁਸਤਫਾ ਵੱਲੋਂ ਇਸ ਰਾਜ ਦੀ ਪੁਲਸ ਦੇ ਮੁਖੀ (ਡੀ ਜੀ ਪੀ) ਵਜੋਂ ਨਿਯੁਕਤੀ ਲਈ ਉਨ੍ਹਾਂ ਦੀ ਅਣਦੇਖੀ ਕਰਨ ਦੇ ਖਿਲਾਫ ਸੈਂਟਰਲ ਐਡਮਨਿਸਟ੍ਰੇਟਿਵ ਟ੍ਰਿਬਿਊਨਲ (ਕੈਟ) ਵਿੱਚ ਦਿੱਤੀ ਅਰਜ਼ੀ 'ਤੇ ਸੁਣਵਾਈ ਟਲ ਗਈ ਹੈ। ਇਸ ਦੀ ਸੁਣਵਾਈ ਪੰਜ ਮਾਰਚ ਨੂੰ ਹੋਵੇਗੀ। ਉਨ੍ਹਾਂ ਦੀ ਪਟੀਸ਼ਨ ਉੱਤੇ ਸੁਣਵਾਈ ਕੈਟ ਦੀ ਡਬਲ ਬੈਂਚ ਨੇ ਕਰਨੀ ਹੈ, ਕੱਲ੍ਹ ਕੈਟ ਵਿੱਚ ਡਬਲ ਬੈਂਚ ਨਹੀਂ ਬੈਠੀ ਸੀ, ਇਸ ਲਈ ਕੇਸ ਵਿੱਚ ਸੁਣਵਾਈ ਟਾਲ ਦਿੱਤੀ ਗਈ ਹੈ। ਸਾਲ 1985 ਬੈਚ ਦੇ ਅਧਿਕਾਰੀ ਮੁਹੰਮਦ ਮੁਸਤਫਾ ਦੀ ਦਲੀਲ ਹੈ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐੱਸ ਸੀ) ਵੱਲੋਂ ਇਸ ਅਹੁਦੇ ਲਈ ਭੇਜੇ ਗਏ ਚਾਰ ਨਾਂਵਾਂ ਵਿੱਚੋਂ ਉਹ ਸਭ ਤੋਂ ਸੀਨੀਅਰ ਹਨ। ਉਨ੍ਹਾਂ ਦਾ ਪੁਲਸ ਵਿੱਚ ਰਿਕਾਰਡ ਵੀ ਚੰਗਾ ਰਿਹਾ ਹੈ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover

Jobs Jobs Jobs
Drivers/ Window Assemblers & Machine Operators
ਲਾਈਨ ਵਰਕਰਜ਼ Manufacturing ex. Must
ਅੱਜ ਆਓ ਤੇ ਕੱਲ ਕੰਮ ਤੇ ਜਾਓ
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 6 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

PUNJAB SINDH FINANCE
TRUCK/TRAILER
LOAN & REFINANCE
PUNJABSINDH FINANCE PSF EVERY $ MAKES A DIFFERENCE
ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ
• Quick Loan Approval Guranteed
• Bad credit........ No Problem
• Low Down Payment
• Lowest Rate of Interest
• Paper Work...... Minimum
• Best Flexible Terms & Conditions
Gary Chatha
President
647.227.3385
info@punjabsindhfinance.com
905.440.0000
6665 Tomken Rd #202, Mississauga, ON L5T 2C5 (Tomken/Midway)



# ਸੰਪਾਦਕੀ

## ਇੰਮੀਗਰੇਸ਼ਨ ਫਰਾਡ ਵੱਲ ਧਿਆਨ ਦੇਣ ਦੀ ਲੋੜ

ਦਵਿੰਦਰ ਕੁਮਾਰ (ਅਸਲੀ ਨਾਮ ਨਹੀਂ) ਗਰੇਟਰ ਟੋਰਾਂਟੋ ਏਰੀਆ ਵਿੱਚ ਕਿਸੇ ਇੰਮੀਗਰੇਸ਼ਨ ਵਕੀਲ ਦੇ ਦਫ਼ਤਰ ਵਿੱਚ ਅਸਿਸਟੈਂਟ ਵਜੋਂ ਕੰਮ ਕਰਦਾ ਹੈ। ਉਸਦਾ ਮਨ ਅੱਜ ਕੱਲ ਐਨਾ ਪਰੇਸ਼ਾਨ ਹੈ ਕਿ ਉਸਨੂੰ ਮਨੋ-ਚਕਿਤਸਕ ਕੋਲੋਂ ਦਵਾਈ ਲੈਣੀ ਪੈ ਰਹੀ ਹੈ। ਸੂਖਮ ਮਨ ਦੇ ਇਸ ਨੌਜਵਾਨ ਨੂੰ ਪੇਟ ਪੂਰਤੀ ਲਈ ਉਹ ਨੌਕਰੀ ਕਰਨੀ ਪੈ ਰਹੀ ਹੈ ਜਿਸ ਵਿੱਚ ਨਿੱਤ ਦਿਨ ਅੰਤਰਰਾਸ਼ਟਰੀ ਵਿੱਦਿਆਰਥੀਆਂ ਅਤੇ ਵਿਜ਼ਟਰ ਵੀਜ਼ਾ ਉੱਤੇ ਆਏ ਲੋਕਾਂ ਨੂੰ 'ਕੈਨੇਡੀਅਨ ਪਰਮਾਨੈਂਟ' ਰੈਜ਼ੀਡੈਂਟ ਬਣਾਉਣ ਵਾਸਤੇ ਆਪਣੇ ਮਾਲਕ (ਰੁਜ਼ਗਾਰਦਾਤਾ) ਦੇ ਆਖੇ ਉੱਤੇ ਫਰਜ਼ੀ ਦਸਤਾਵੇਜ਼ ਤਿਆਰ ਕਰਨੇ ਪੈਂਦੇ ਹਨ। ਹਾਲਾਂਕਿ ਇਸ ਬਾਬਤ ਠੋਸ ਅੰਕੜੇ ਉਪਲਬਧ ਨਹੀਂ ਹਨ ਪਰ ਦਵਿੰਦਰ ਦਾ ਅਨੁਮਾਨ ਹੈ ਕਿ ਇਹ ਵਰਤਾਰਾ ਵੱਡੇ ਪੱਧਰ ਉੱਤੇ ਵਾਪਰ ਰਿਹਾ ਹੈ।

ਕੈਨੇਡਾ ਦੇ ਕਾਲਜਾਂ ਵਿੱਚ ਇੱਕ ਜਾਂ ਦੋ ਸਾਲ ਦਾ ਪੋਸਟ ਸੈਕੰਡਰੀ ਡਿਪਲੋਮਾ ਕਰਨ ਵਾਲੇ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ ਪਰਮਾਨੈਂਟ ਰੈਜ਼ੀਡੈਂਟ ਬਣਨ ਲਈ Labour Market Impact Assessment (LMIA) ਦਾ ਹਾਸਲ ਕਰਨਾ ਲਾਜ਼ਮੀ ਹੁੰਦਾ ਹੈ। ਇਸ ਅਥਾਰਟੀ ਤੋਂ ਬਿਨਾ ਉਹਨਾਂ ਵਾਸਤੇ ਐਕਸਪ੍ਰੈਸ ਐਂਟਰੀ ਤਹਿਤ ਸਫ਼ਲ ਹੋਣਾ ਲੱਗਭੱਗ ਅਸੰਭਵ ਹੁੰਦਾ ਹੈ। LMIA ਕੈਨੇਡਾ ਦੇ Employment and Social Development Canada (ESDC) ਵਿਭਾਗ ਵੱਲੋਂ ਕਿਸੇ ਵਿਦੇਸ਼ੀ ਵਰਕਰ ਨੂੰ ਉਸ ਜੌਬ ਲਈ ਭਰਤੀ ਕਰਨ ਲਈ ਜਾਰੀ ਕੀਤੀ ਜਾਂਦੀ ਹੈ ਜਿਸਨੂੰ ਕਰਨ ਵਾਲਾ ਕੈਨੇਡਾ ਦੀ ਜੌਬ ਮਾਰਕੀਟ ਵਿੱਚ ਉਪਲਬਧ ਨਾ ਹੋਵੇ। ਕੀ ਮੰਨਿਆ ਜਾ ਸਕਦਾ ਹੈ ਕਿ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ LMIA ਇਸ ਲਈ ਜਾਰੀ ਕੀਤੀ ਜਾਂਦੀ ਹੈ ਕਿ ਉਹਨਾਂ ਜੌਬਾਂ ਨੂੰ ਕਰਨ ਵਾਲੇ ਲੋਕ ਕੈਨੇਡਾ ਵਿੱਚ ਉਪਲਬਧ ਨਹੀਂ ਹਨ? ਫੇਰ ਬੇਰੁਜ਼ਗਾਰੀ ਕਿਉਂ ਹੈ? ਜੇ ਟਿਮ ਹੌਰਟਨ ਆਦਿ ਬਿਜਨਸਾਂ ਨੇ ਟੈਂਪਰੇਰੀ ਫੌਰਨ ਵਰਕਰਾਂ ਨੂੰ ਹੀ ਜੌਬ ਦੇਣੀ ਹੈ ਤਾਂ ਸਮਝ ਆ ਸਕਦਾ ਹੈ ਕਿ ਕੈਨੇਡੀਅਨ ਯੂਥ ਨੂੰ ਸਮਰ ਜੌਬਾਂ (summer jobs) ਕਿਉਂ ਨਹੀਂ ਮਿਲ ਰਹੀਆਂ।

ਇਸ ਧੰਦੇ ਦਾ ਇਕ ਹੋਰ ਪੱਖ ਹੈ। ਮਿਸੀਸਾਗਾ ਅਤੇ ਬਰੈਂਪਟਨ ਦੇ ਵੇਅਰਹਾਊਸਾਂ ਅਤੇ 'ਮੀਨੀਮਨ ਵੇਜ ਉੱਤੇ' ਵਰਕਰਾਂ ਨੂੰ ਰੱਖਣ ਵਾਲੇ ਹੋਰ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਕਈ ਵਰਕਰਾਂ ਵੱਲੋਂ ਇੱਕ ਹੋਰ ਵਰਤਾਰੇ ਉੱਤੇ ਚਾਨਣਾ ਪਾਇਆ ਜਾ ਰਿਹਾ ਹੈ। ਕਈ ਵੇਅਰਹਾਊਸਾਂ ਅਤੇ ਬਿਜਨਸ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ 'ਲੀਡ ਵਰਕਰ' ਵਜੋਂ ਨੌਕਰੀ ਦੇਣ ਲਈ LMIA ਪ੍ਰਵਾਨ ਕਰਵਾਉਣ ਬਦਲੇ ਡਾਲਰਾਂ ਦੀ ਰਿਸ਼ਵਤ ਲੈਂਦੇ ਹਨ। ਅੰਦਾਜ਼ਾ ਹੈ ਕਿ ਇੱਕ LMIA ਦਾ ਬਜ਼ਾਰ ਵਿੱਚ 15 ਤੋਂ 20 ਹਜ਼ਾਰ ਡਾਲਰ ਤੱਕ ਰੇਟ ਚੱਲਦਾ ਹੈ।

ਕੈਨੇਡੀਅਨ ਵਰਕਰਾਂ ਦਾ ਇਤਰਾਜ਼ ਹੈ ਕਿ ਸਾਲਾਂ ਬੱਧੀ ਕੰਮ ਕਰਨ ਦੇ ਬਾਵਜੂਦ ਉਹਨਾਂ ਨੂੰ ਤਰੱਕੀ ਨਾ ਦੇ ਕੇ ਲਾਲਚ ਵੱਸ 'ਕੱਲ ਦੇ ਜੁਆਕਾਂ' ਨੂੰ ਰਿਸ਼ਵਤ ਲੈ ਕੇ ਉਹਨਾਂ ਦੇ ਬੌਸ ਬਣਾਇਆ ਜਾ ਰਿਹਾ ਹੈ। ਇਸ ਨਾਲ ਕੈਨੇਡਾ ਵਿੱਚ 'ਸਹੀ ਕਨੂੰਨੀ ਦਰਜਾ' (legal status) ਰੱਖਣ ਵਾਲੇ ਵਰਕਰਾਂ ਦਾ ਮਨੋਬਲ ਡਿੱਗਣ ਕਾਰਣ ਉਹ ਉੱਪਰ ਜ਼ਿਕਰ ਕੀਤੇ ਗਏ ਇੰਮੀਗਰੇਸ਼ਨ ਵਕੀਲ ਦੇ ਦਫ਼ਤਰ ਕੰਮ ਕਰਨ ਵਾਲੇ ਦਵਿੰਦਰ ਵਾਗੂੰ ਮਾਨਸਿਕ ਪਰੇਸ਼ਾਨੀਆਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬੀ ਪੋਸਟ ਵੱਲੋਂ ਕੀਤੀ ਸਰਕਾਰੀ ਦਸਤਾਵੇਜ਼ਾਂ ਦੀ ਪੁਣਛਾਣ ਦੱਸਦੀ ਹੈ ਕਿ ਸਾਲ 2018 ਦੇ ਤੀਜੇ ਕੁਆਟਰ (ਅਕਤੂਬਰ ਤੋਂ ਦਸੰਬਰ) ਵਿੱਚ 4734 LMIA ਜਾਰੀ ਕੀਤੀਆਂ ਗਈਆਂ ਜਦੋਂ ਕਿ 527 ਨੂੰ ਸਵੀਕਾਰ ਨਹੀਂ ਕੀਤਾ ਗਿਆ।

ਰਾਇਰਸਨ ਯੂਨੀਵਰਸਿਟੀ ਵੱਲੋਂ ਸਿਟੀਜ਼ਨਸ਼ਿੱਪ ਅਤੇ ਇੰਮੀਗਰੇਸ਼ਨ ਮਹਿਕਮੇ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਸਾਲ 2008 ਵਿੱਚ 15 ਤੋਂ 20 ਪ੍ਰਤੀਸ਼ਤ ਅੰਤਰਰਾਸ਼ਟਰੀ ਵਿੱਦਿਆਰਥੀ ਹੀ ਪਰਮਾਨੈਂਟ ਰੈਜ਼ੀਡੈਂਟ ਬਣਨਾ ਪਸੰਦ ਕਰਦੇ ਸੀ। 2016 ਵਿੱਚ ਇਹ ਪ੍ਰਤੀਸ਼ਤਤਾ ਵੱਧ ਕੇ 51% ਹੋ ਗਈ ਸੀ। ਵਰਨਣਯੋਗ ਹੈ ਕਿ 2008 ਤੋਂ 2016 ਦੇ ਅਰਸੇ ਦੌਰਾਨ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੇ ਆਉਣ ਵਿੱਚ 92% ਵਾਧਾ ਹੋਇਆ (ਹਵਾਲਾ ਕੈਨੇਡੀਅਨ ਬਿਊਰੋ ਆਫ ਇੰਟਰਨੈਸ਼ਨਲ ਐਜੂਕੇਸ਼ਨ CBIE)। ਪੀਲ ਰੀਜਨ ਅਤੇ ਟੋਰਾਂਟੋ ਵਿੱਚ ਪੜ ਰਹੇ ਭਾਰਤ ਤੋਂ ਆਏ ਅੰਤਰਰਾਸ਼ਟਰੀ ਵਿੱਦਿਆਰਥੀਆਂ ਵਿੱਚ ਕੈਨੇਡਾ ਦਾ ਪਰਮਾਨੈਂਟ ਰੈਜ਼ੀਡੈਂਟ ਬਣਨ ਦੀ ਤਮੰਨਾ 90 ਤੋਂ 95% ਦੇ ਦਰਮਿਆਨ ਦੱਸੀ ਜਾਂਦੀ ਹੈ। ਆਖਰ ਨੂੰ ਐਨੀ ਵੱਡੀ ਵਿੱਚ ਆਏ ਇਹ ਨੌਜਵਾਨ ਕੈਨੇਡੀਅਨ ਜੌਬ ਮਾਰਕੀਟ ਵਿੱਚ ਕਿਵੇਂ ਸਮਾਉਂਦੇ ਹਨ ਜਦੋਂ ਕਿ ਕੈਨੇਡਾ ਦੇ ਜੰਮੇ ਜਾਏ ਵਿੱਦਿਆਰਥੀਆਂ ਨੂੰ ਜੌਬਾਂ ਮਿਲ ਨਹੀਂ ਰਹੀਆਂ ਹਨ?

ਇਹ ਸਾਰਾ ਕਿੱਸਾ LMIA ਨੂੰ ਲੈ ਕੇ ਹੋ ਰਹੇ ਇੰਮੀਗਰੇਸ਼ਨ ਫਰਾਡ ਬਾਰੇ ਸਰਕਾਰ ਨੂੰ ਸੁਚੇਤ ਕਰਨ ਲਈ ਕਾਫੀ ਹੋਣਾ ਚਾਹੀਦਾ ਹੈ। ਅਸੀਂ ਧੋਖੇਧੜੀ ਦੇ ਵਿਆਹਾਂ, ਝੂਠੇ ਰਿਫਿਊਜੀ ਕਲੇਮਾਂ ਦੇ ਕਿੱਸਿਆਂ ਬਾਰੇ ਭਲੀਭਾਂਤ ਜਾਣੂੰ ਹਾਂ, ਸਮੇਤ ਉਸ ਰੁਝਾਨ ਦੇ ਜਿਸ ਤਹਿਤ ਉੱਚੇ ਬੈਂਡ ਵਿੱਚ IELTS ਪਾਸ ਕਰਕੇ ਕੈਨੇਡਾ ਦੇ ਕਾਲਜਾਂ ਵਿੱਚ ਦਾਖਲਾ ਲੈਣ ਵਾਲੀਆਂ ਲੜਕੀਆਂ ਨਾਲ ਨਿੱਖੱਟੂ ਮੁੰਡੇ ਪਤੀ ਬਣ ਕੇ ਆ ਰਹੇ ਹਨ। ਇਹ ਸਹੀ ਸਮਾਂ ਹੈ ਕਿ ਫੈਡਰਲ ਲਿਬਰਲ ਸਰਕਾਰ ਇਸ ਫਰਾਡ ਵੱਲ ਧਿਆਨ ਦੇਵੇ ਤਾਂ ਜੋ ਸਖ਼ਤ ਮਿਹਨਤ ਕਰਨ ਵਾਲੇ ਕੈਨੇਡੀਅਨਾਂ ਅਤੇ ਕਾਇਦੇ ਕਨੂੰਨਾਂ ਦੀ ਪਾਲਣਾ ਕਰਕੇ ਪਰਮਾਨੈਂਟ ਬਣਨ ਦੇ ਯੋਗ ਵਿੱਦਿਆਰਥੀਆਂ ਦੇ ਹੱਕਾਂ ਉੱਤੇ ਫਰਜ਼ੀ ਲੋਕ ਡਾਕਾ ਨਾ ਮਾਰ ਸਕਣ।

## ਸੀਬੀਐਸਏ ਤੇ ਆਰਸੀਐਮਪੀ ਦੇ ਮੈਂਬਰਾਂ ਖਿਲਾਫ ਹੁਆਵੇਈ ਦੀ ਸੀਐਫਓ ਨੇ ਠੋਕਿਆ ਕੇਸ

...ਪੰਨਾ 1 ਦਾ ਬਾਕੀ

ਇਸ ਕੇਸ ਵਿੱਚ ਇਹ ਦਾਅਵਾ ਵੀ ਕੀਤਾ ਗਿਆ ਕਿ 30 ਨਵੰਬਰ, 2018 ਨੂੰ ਫਾਈਲ ਕੀਤੇ ਗਏ ਗ੍ਰਿਫਤਾਰੀ ਵਾਰੰਟਾਂ ਵਿੱਚ ਮੈਂਗ ਨੂੰ ਫੌਰੀ ਤੌਰ ਉੱਤੇ ਗ੍ਰਿਫਤਾਰ ਕੀਤੇ ਜਾਣ ਦੀ ਗੱਲ ਆਖੀ ਗਈ ਸੀ। ਇਸ ਵਿੱਚ ਇਹ ਵੀ ਆਖਿਆ ਗਿਆ ਸੀ ਕਿ ਵੈਨਕੂਵਰ ਵਿੱਚ ਥੋੜ੍ਹੀ ਦੇਰ ਰੁਕਣ ਸਮੇਂ ਮੈਂਗ ਨੂੰ ਗ੍ਰਿਫਤਾਰ ਕੀਤਾ ਜਾਣਾ ਜ਼ਰੂਰੀ ਹੈ ਤੇ ਇਹ ਵੀ ਯਕੀਨੀ ਬਣਾਉਣ ਲਈ ਆਖਿਆ ਗਿਆ ਸੀ ਕਿ ਉਹ ਕੈਨੇਡਾ ਦੀ ਧਰਤੀ ਨਾ ਛੱਡ ਸਕੇ। ਮੈਂਗ ਦੇ ਵਕੀਲਾਂ ਨੇ ਦੋਸ਼ ਲਾਇਆ ਕਿ ਉਸ ਨੂੰ ਫੌਰਨ ਗ੍ਰਿਫਤਾਰ ਕਰਕੇ ਕਾਨੂੰਨੀ ਸਲਾਹ ਹਾਸਲ ਕਰਨ ਦਾ ਮੌਕਾ ਵੀ ਨਹੀਂ ਦਿੱਤਾ ਗਿਆ ਸਗੋਂ ਸੀਬੀਐਸਏ ਨੇ ਉਸ ਨੂੰ ਨਜ਼ਰਬੰਦ ਕੀਤਾ, ਉਸ ਦੀ ਤਲਾਸ਼ੀ ਲਈ ਤੇ ਕਸਟਮਜ਼ ਜਾਂ ਇਮੀਗ੍ਰੇਸ਼ਨ ਜਾਂਚ ਦਾ ਬਹਾਨਾ ਲਾ ਕੇ ਮੈਂਗ ਤੋਂ ਪੁੱਛਗਿੱਛ ਕੀਤੀ ਗਈ।

ਕੇਸ ਅਨੁਸਾਰ ਮੈਂਗ ਨੂੰ ਬਿਨਾਂ ਕਿਸੇ ਕਾਰਨ ਤਿੰਨ ਘੰਟੇ ਲਈ ਫੜ੍ਹ ਕੇ ਰੱਖਿਆ ਗਿਆ ਤੇ ਫਿਰ ਆਰਸੀਐਮਪੀ ਕਾਂਸਟੇਬਲ ਮੌਕੇ ਉੱਤੇ ਪਹੁੰਚਿਆ ਤੇ ਉਸ ਨੂੰ ਉਸ ਦੀ ਗ੍ਰਿਫਤਾਰੀ ਦਾ ਅਸਲ ਕਾਰਨ ਤੇ ਵਕੀਲ ਦੀ ਮਦਦ ਲੈਣ ਦੇ ਉਸ ਦੇ ਅਧਿਕਾਰ ਤੋਂ ਜਾਣੂ ਕਰਵਾਇਆ ਗਿਆ। ਇਸ ਕੇਸ ਵਿੱਚ ਇਹ ਦੋਸ਼ ਵੀ ਲਾਇਆ ਗਿਆ ਕਿ ਜਿਸ ਆਫੀਸਰ ਦੇ ਹਲਫੀਆ ਬਿਆਨ ਨੂੰ ਵਾਰੰਟ ਦਾ ਆਧਾਰ ਬਣਾਇਆ ਗਿਆ, ਉਹ ਜਾਣਬੁੱਝ ਕੇ ਦੇਰ ਨਾਲ ਪਹੁੰਚਿਆ ਜਦਕਿ ਉਹ ਜਾਣਦਾ ਸੀ ਕਿ ਮੈਂਗ ਦੀ ਫਲਾਈਟ ਕਦੋਂ ਪਹੁੰਚਣੀ ਹੈ।

ਦੂਜੇ ਪਾਸੇ ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਰਕਾਰ ਵੱਲੋਂ ਮੈਂਗ ਦੀ ਹਵਾਲਗੀ ਸਬੰਧੀ ਪ੍ਰਕਿਰਿਆ ਸ਼ੁਰੂ ਕਰਨ ਦੇ ਐਲਾਨ ਤੋਂ ਤੁਰੰਤ ਬਾਅਦ ਇਸ ਤਰ੍ਹਾਂ ਕੇਸ ਦਾਇਰ ਕੀਤੇ ਜਾਣ ਤੋਂ ਤਾਂ ਇਹੋ ਲੱਗਦਾ ਹੈ ਕਿ ਇਹ ਇਸ ਕਾਰਵਾਈ ਵਿੱਚ ਅੜਿੱਕਾ ਪਾਉਣ ਦੀ ਚਾਲ ਹੈ ਤੇ ਮੈਂਗ ਦੀ ਤੇਜ਼ੀ ਨਾਲ ਹਵਾਲਗੀ ਨੂੰ ਰੋਕਣ ਦਾ ਢੰਗ ਹੈ।

## ਅਮਰੀਕਾ ਵੱਲੋਂ ਟੈਰਿਫ ਹਟਾਏ ਜਾਣ ਮਗਰੋਂ ਹੀ ਕੀਤੀ ਜਾਵੇਗੀ ਨਵੀਂ ਨਾਫਟਾ ਡੀਲ ਦੀ ਪੁਸ਼ਟੀ : ਮੈਕਸਿਕੋ

...ਪੰਨਾ 1 ਦਾ ਬਾਕੀ

ਜਦੋਂ ਮੈਕਸਿਕੋ ਤੇ ਅਮਰੀਕਾ ਪਿਛਲੇ ਸਾਲ ਅਚਾਨਕ ਦੁਵੱਲੇ ਸਮਝੌਤੇ ਉੱਤੇ ਪਹੁੰਚੇ ਤਾਂ ਟਰੂਡੋ ਸਰਕਾਰ ਉੱਤੇ ਵੀ ਟਰੰਪ ਪ੍ਰਸ਼ਾਸਨ ਨਾਲ ਇਸ ਡੀਲ ਨੂੰ ਸਿਰੇ ਝੜਾਉਣ ਲਈ ਦਬਾਅ ਪਾਇਆ ਗਿਆ। ਕੈਨੇਡਾ ਦੀ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਲੇਬਰ ਛੋਟ ਦੇਣ ਉੱਤੇ ਮੈਕਸਿਕੋ ਦੀ ਸ਼ਲਾਘਾ ਕੀਤੀ। ਪਰ ਆਂਦਰੇਸ ਮੈਨੂਅਲ ਲੋਪੇਜ਼ ਓਬਰਾਡੌਰ ਦੀ ਨਵੀਂ ਸਰਕਾਰ ਦੇ ਸੀਨੀਅਰ ਟਰੇਡ ਅਧਿਕਾਰੀ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਹ ਕੋਈ ਬਹੁਤ ਵੱਡਾ ਬਲੀਦਾਨ ਨਹੀਂ ਸੀ ਕਿਉਂਕ ਦੇਸ਼ ਦੇ ਕਾਮਿਆਂ ਦਾ ਦਰਜਾ ਉੱਚਾ ਕਰਨ ਦਾ ਵਾਅਦਾ ਕਰਕੇ ਹੀ ਮੋਰੇਨਾ ਪਾਰਟੀ ਸੱਤਾ ਵਿੱਚ ਆਈ ਸੀ। ਮੈਕਸਿਕੋ ਦੀ ਡਿਪਟੀ ਟਰੇਡ ਮੰਤਰੀ ਲੁਜ਼ ਮਾਰੀਆ ਡੀ ਲਾ ਮੋਰਾ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਭਾਵੇਂ ਇਹ ਸਮਝੌਤਾ ਸਿਰੇ ਚੜ੍ਹੇ ਜਾਂ ਨਾ ਪਰ ਲੇਬਰ ਸੁਧਾਰ ਲੋਪੇਜ਼ ਸਰਕਾਰ ਲਈ ਕਾਫੀ ਅਹਿਮ ਹਨ। ਇਸ ਨਾਲ ਹੀ ਅਸੀਂ ਕਾਮਿਆਂ ਦੇ ਅਧਿਕਾਰ ਤੇ ਮੈਕਸਿਕੋ ਵਿੱਚ ਟਰੇਡ ਡੀਲਜ਼ ਨੂੰ ਮਜ਼ਬੂਤ ਕਰ ਸਕਾਂਗੇ। ਉਨ੍ਹਾਂ ਦੱਸਿਆ ਕਿ 30 ਅਪਰੈਲ ਨੂੰ ਮੈਕਸਿਕੋ ਦੀ ਕਾਂਗਰਸ ਨੂੰ ਉਠਾਏ ਜਾਣ ਤੋਂ ਪਹਿਲਾਂ ਨਵੀਂ ਸਰਕਾਰ ਲੇਬਰ ਸੁਧਾਰਾਂ ਦੇ ਪੈਕੇਜ ਦੀ ਪੁਸ਼ਟੀ ਕਰਨੀ ਚਾਹੁੰਦੀ ਹੈ। ਇਸ ਤੋਂ ਇਹ ਭਾਵ ਹੋਇਆ ਕਿ ਨਵੇਂ ਸਮਝੌਤੇ ਨੂੰ ਪੁਸ਼ਟੀ ਲਈ ਮੈਕਸੀਕਨ ਕਾਂਗਰਸ ਕੋਲ ਪਹਿਲੀ ਸਤੰਬਰ ਤੋਂ ਇਸ ਦੀ ਕਾਰਵਾਈ ਮੁੜ ਸ਼ੁਰੂ ਹੋਣ ਉਪਰੰਤ ਭੇਜਿਆ ਜਾਵੇਗਾ। ਲਾ ਮੋਰਾ ਨੇ ਆਖਿਆ ਕਿ ਇਹ ਉਦੋਂ ਤੱਕ ਸੰਭਵ ਨਹੀਂ ਹੋਵੇਗਾ ਜਦੋਂ ਤੱਕ ਅਮਰੀਕਾ ਮੈਕਸਿਕ ਤੇ ਕੈਨੇਡਾ ਉੱਤੇ ਲਾਏ ਟੈਰਿਫਜ਼ ਨੂੰ ਹਟਾ ਨਹੀਂ ਲੈਂਦਾ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |


Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਪ੍ਰੇਮ ਵਿਆਹ ਵਾਲਿਆਂ ਦਾ ਪਿੰਡ ਗਾਲਿਬ ਕਲਾਂ 'ਚ ਬਾਈਕਾਟ



ਜਗਰਾਓਂ, 3 ਮਾਰਚ (ਪੋਸਟ ਬਿਊਰੋ)- ਕਾਨੂੰਨ ਨੇ ਭਾਵੇਂ ਪ੍ਰੇਮੀਆਂ ਨੂੰ ਅਦਾਲਤੀ ਵਿਆਹ ਕਰਾਉਣ ਉਤੇ ਉਨ੍ਹਾਂ ਦੇ ਲਈ ਸੁਰੱਖਿਆ ਯਕੀਨੀ ਬਣਾਉਣ ਲਈ ਸਖਤ ਕਦਮ ਚੁੱਕੇ ਹਨ, ਪਰ ਜਗਰਾਓਂ ਦੇ ਪਿੰਡ ਗਾਲਿਬ ਕਲਾਂ 'ਚ ਪਿੰਡ ਵਿੱਚ ਹੀ ਮੁੰਡੇ-ਕੁੜੀਆਂ ਵੱਲੋਂ ਭੱਜ ਕੇ ਪ੍ਰੇਮ ਵਿਆਹ ਕਰਾਉਣ ਤੋਂ ਪਰੇਸ਼ਾਨ ਪੰਚਾਇਤ ਨੇ ਅਜਿਹੇ ਜੋੜਿਆਂ ਦਾ ਖਾਪ ਪੰਚਾਇਤਾਂ ਦੇ ਵਾਂਗ ਸਮਾਜਿਕ ਬਾਈਕਾਟ ਕਰਨ ਦਾ ਮਤਾ ਪਾਸ ਕਰ ਦਿੱਤਾ ਦੱਸਿਆ ਗਿਆ ਹੈ।

ਇਸ ਬਾਰੇ ਪੰਚਾਇਤ ਨੇ ਪ੍ਰੇਮ ਵਿਆਹ ਕਰਵਾਉਣ ਵਾਲਿਆਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈਣ ਤੋਂ ਰੋਕਣ ਦਾ ਫੈਸਲਾ ਕੀਤਾ ਹੈ। ਗਾਲਿਬ ਕਲਾਂ ਦੇ ਸਰਪੰਚ ਸਿਕੰਦ ਸਿੰਘ ਦੀ ਅਗਵਾਈ ਵਿੱਚ ਪੰਚਾਇਤ ਨੇ ਪਿੰਡ ਦਾ ਇਕੱਠ ਕੀਤਾ ਹੈ, ਜਿਸ ਵਿੱਚ ਪ੍ਰੇਮ ਵਿਆਹ ਕਰਾਉਣ ਵਾਲੇ ਮੁੰਡਿਆਂ ਕੁੜੀਆਂ ਖਿਲਾਫ ਸਖਤ ਕਦਮ ਚੁੱਕਣ ਦੀ ਆਵਾਜ਼ ਉਤੇ ਪੰਚਾਇਤ ਨੇ ਮਤਾ ਪਾਸ ਕੀਤਾ ਕਿ ਪਿੰਡ ਦੇ ਜਿਹੜਾ ਵੀ ਮੁੰਡਾ ਕੁੜੀ ਘਰੋਂ ਭੱਜ ਕੇ ਵਿਆਹ ਕਰਵਾਉਂਦਾ ਅਤੇ ਪਿੰਡ ਆ ਕੇ ਵੱਸਦਾ ਹੈ, ਉਸ ਦਾ ਸਾਰਾ ਪਿੰਡ ਬਾਈਕਾਟ ਕਰੇਗਾ ਤੇ ਉਨ੍ਹਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਨਹੀਂ ਲੈਣ ਦਿੱਤਾ ਜਾਵੇਗਾ। ਪੰਚਾਇਤ ਸਮੇਤ ਸਾਰੇ ਇਕੱਠ ਨੇ ਇਸ ਮਤੇ ਨੂੰ ਪ੍ਰਵਾਨਗੀ ਦਿੱਤੀ ਹੈ। ਪੰਚਾਇਤ ਵੱਲੋਂ ਇਸ ਬਾਰੇ ਦਲੀਲ ਦਿੱਤੀ ਗਈ ਕਿ ਪਿੰਡ ਦੇ ਹੀ ਮੁੰਡੇ ਕੁੜੀਆਂ ਜਦੋਂ ਘਰੋਂ ਭੱਜ ਕੇ ਵਿਆਹ ਕਰਵਾ ਕੇ ਫਿਰ ਪਿੰਡ ਆ ਕੇ ਰਹਿਣ ਲੱਗਦੇ ਹਨ ਤਾਂ ਪਿੰਡ ਅਤੇ ਮਾਪਿਆਂ ਦੀ ਬਦਨਾਮੀ ਹੁੰਦੀ ਹੈ। ਇਸ ਬਾਰੇ ਡਿਪਟੀ ਕਮਿਸ਼ਨਰ ਲੁਧਿਆਣਾ ਪ੍ਰਦੀਪ ਅਗਰਵਾਲ ਦਾ ਕਹਿਣਾ ਹੈ ਕਿ ਪੰਚ-ਾਇਤ ਨੂੰ ਮਤੇ ਪਾਸ ਦੇ ਅਧਿਕਾਰ ਹਨ, ਪਰ ਜੋ ਮਤਾ ਕਾਨੂੰਨੀ ਤੌਰ 'ਤੇ ਸਹੀ ਨਹੀਂ ਹੈ, ਉਸ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ ਤੇ ਕਾਰਵਾਈ ਕੀਤੀ ਜਾਵੇਗੀ। ਬੀ ਡੀ ਪੀ ਓ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਚਾਇਤ ਵੱਲੋਂ ਇਹ ਮਤਾ ਸਰਕਾਰੀ ਪੰਚਾਇਤ ਕਾਰਵਾਈ ਰਜਿਸਟਰ 'ਤੇ ਨਹੀਂ ਪਾਇਆ ਗਿਆ, ਸਾਦੇ ਕਾਗਜ਼ 'ਤੇ ਕਾਰਵਾਈ ਲਿਖੀ ਗਈ ਹੈ, ਜੋ ਸਰਕਾਰੀ ਰਿਕਾਰਡ ਦਾ ਹਿੱਸਾ ਨਹੀਂ ਮੰਨੀ ਜਾ ਸਕਦੀ।

## ਬਿਹਾਰ ਦੀ ਜੇਲ੍ਹ ਵਿੱਚ ਬੰਦ ਸੀ ਪ੍ਰਿੰਸੀਪਲ ਰੀਟਾ ਬਾਵਾ ਸਣੇ ਚਾਰ ਜਣਿਆਂ ਦੇ ਕਤਲ ਦਾ ਦੋਸ਼ੀ

ਜਲੰਧਰ, 3 ਮਾਰਚ (ਪੋਸਟ ਬਿਊਰੋ)- ਏਥੋਂ ਦੇ ਕੇ ਐਮ ਵੀ ਕਾਲਜ ਦੀ ਪ੍ਰਿੰਸੀਪਲ ਰੀਟਾ ਬਾਵਾ, ਉਨ੍ਹਾਂ ਦੇ ਰਸੋਈਏ ਅਤੇ ਦੋ ਚੌਕੀਦਾਰਾਂ ਦੇ ਕਤਲ ਕਰਨ ਦੇ ਕੇਸ ਵਿੱਚ ਵਾਂਟਿਡ ਦੋਸ਼ੀ ਮਨੋਜ ਯਾਦਵ ਨੂੰ ਜਲੰਧਰ ਦੀ ਪੁਲਸ ਬਿਹਾਰ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਈ ਅਤੇ ਕੋਰਟ ਵਿੱਚ ਪੇਸ਼ ਕਰ ਕੇ ਉਸ ਨੂੰ ਦੋ ਦਿਨ ਦੇ ਰਿਮਾਂਡ ਉੱਤੇ ਲਿਆ ਹੈ।

ਵਰਨਣ ਯੋਗ ਹੈ ਕਿ ਜਨਵਰੀ 2008 ਵਿੱਚ ਰੀਟਾ ਬਾਵਾ ਸਮੇਤ ਚਾਰ ਜਣਿਆਂ ਦੇ ਕਤਲ ਕੇਸ ਵਿੱਚ ਪੁਲਸ ਵੱਲੋਂ ਅੱਜ ਤੱਕ ਪੰਜ ਦੋਸ਼ੀ ਫੜੇ ਗਏ ਹਨ। ਇਸ ਹਾਈ ਪ੍ਰੋਫਾਈਲ ਕਤਲ ਕੇਸ ਵਿੱਚ ਸਚਿਨ ਯਾਦਵ, ਰਾਜ ਕੁਮਾਰ ਰਾਜੂ ਅਤੇ ਗਣੇਸ਼ ਨਾਂਅ ਦੇ ਦੋਸ਼ੀ ਅਜੇ ਵੀ ਫਰਾਰ ਹਨ, ਜਿਨ੍ਹਾਂ ਨੂੰ ਭਗੌੜਾ ਐਲਾਨ ਕੀਤਾ ਜਾ ਚੁੱਕਾ ਹੈ। ਥਾਣਾ ਨੰਬਰ ਅੱਠ ਦੇ ਮੁਖੀ ਪਰਮਵੀਰ ਸਿੰਘ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ 35 ਸਾਲਾ ਮਨੋਜ ਯਾਦਵ ਪੁੱਤਰ ਜਗਦੀਸ਼ ਰਾਮ ਵਾਸੀ ਬਿਹਾਰ ਨੂੰ ਬਿਹਾਰ ਪੁਲਸ ਨੇ ਸ਼ਰਾਬ ਦੀ ਤਸਕਰੀ ਦੇ ਕੇਸ ਵਿੱਚ ਫੜਿਆ ਹੈ ਅਤੇ ਅਜੇ ਜੇਲ੍ਹ ਵਿੱਚ ਹੈ। ਪੁਲਸ ਨੇ ਉਸ ਦੀ ਗ੍ਰਿਫਤਾਰੀ ਲਈ ਵਾਰੰਟ ਲਿਆ ਤੇ ਬਿਹਾਰ ਤੋਂ ਫੜ ਲਿਆਈ ਤੇ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਉਸ ਨੂੰ ਦੋ ਦਿਨਾਂ ਰਿਮਾਂਡ 'ਤੇ ਲਿਆ ਗਿਆ। ਮਨੋਜ ਨੂੰ ਅਦਾਲਤ ਨੇ ਭਗੌੜਾ ਐਲਾਨਿਆ ਹੋਇਆ ਸੀ।

ਇਸ ਕੇਸ 'ਚ ਲੁਧਿਆਣਾ ਪੁਲਸ ਨੂੰ ਬਿਹਾਰ ਤੋਂ ਮਿਲੇ ਲਿੰਕ ਉੱਤੇ ਕੰਮ ਕਰਨ ਤੋਂ ਬਾਅਦ ਦੋਸ਼ੀ ਫੜਿਆ ਗਿਆ। ਅਸਲ ਵਿੱਚ ਲੁਧਿਆਣਾ ਵਿੱਚ ਹੋਈ ਇੱਕ ਡਕੈਤੀ ਦੇ ਕੇਸ ਦੀ ਜਾਂਚ ਵਿੱਚ ਲੁਧਿਆਣਾ ਪੁਲਸ ਦੇ ਇੰਸਪੈਕਟਰ ਗੁਰਬੰਸ ਸਿੰਘ ਬਿਹਾਰ ਦੇ ਮੁਰਲੀਗੰਜ ਇਲਾਕੇ ਵਿੱਚ ਗਏ ਤਾਂ ਇੱਕ ਦੁਕਾਨ ਤੋਂ ਪਤਾ ਲੱਗਾ ਕਿ ਕੁਝ ਲੋਕ ਉਨ੍ਹਾਂ ਦੀ ਦੁਕਾਨ ਉੱਤੇ ਆ ਕੇ ਜਲੰਧਰ ਵਿੱਚ ਕਿਸੇ ਪ੍ਰਿੰਸੀਪਲ ਦੀ ਹੱਤਿਆ ਕਰਨ ਅਤੇ ਫੜੇ ਨਾ ਜਾਣ ਦੀ ਗੱਲ ਕਰਦੇ ਸਨ। ਉਹ ਹੋਰ ਵਾਰਦਾਤ ਕਰਨ ਦੀ ਗੱਲ ਵੀ ਕਰ ਰਹੇ ਹਨ। ਇੰਸਪੈਕਟਰ ਗੁਰਬੰਸ ਸਿੰਘ ਨੇ ਲੁਧਿਆਣਾ ਪੁਲਸ ਦੇ ਅਫਸਰ ਨੂੰ ਦੱਸਿਆ ਤਾਂ ਇਸ ਕਤਲ ਕੇਸ ਤੋਂ ਪਰਦਾ ਉਠ ਗਿਆ। ਰੀਟਾ ਬਾਵਾ, ਉਨ੍ਹਾਂ ਦੇ ਰਸੋਈਏ ਤੇ ਦੋ ਚੌਕੀਦਾਰਾਂ ਦੇ ਕਤਲ ਜਿਵੇਂ ਕੀਤੇ ਗਏ ਸਨ, ਉਹ ਤਰੀਕਾ ਬੜਾ ਭਿਆਨਕ ਸੀ। ਤੇਜ਼ਧਾਰ ਹਥਿਆਰਾਂ ਨਾਲ ਚਾਰ ਹੱਤਿਆਵਾਂ ਕੀਤੀਆਂ ਗਈਆਂ ਸਨ। ਪੁਲਸ ਨੇ ਮੁਲਜ਼ਮ ਵੱਲੋਂ ਵਰਤੇ ਗਏ ਹਥਿਆਰ ਵੀ ਬਰਾਮਦ ਕਰ ਲਏ ਸਨ। ਇਸ ਤੋਂ ਪਹਿਲਾਂ ਪ੍ਰਿੰਸੀਪਲ ਰੀਟਾ ਬਾਵਾ ਨੂੰ ਲੁੱਟਣ ਦੀ ਸਾਜ਼ਿਸ਼ ਏਸੇ ਕਾਲਜ ਦੇ ਦੋ ਸਾਬਕਾ ਚੌਕੀਦਾਰਾਂ ਨੇ ਰਚੀ ਸੀ। ਦੋਵੇਂ ਚੌਕੀਦਾਰ 2007 ਵਿੱਚ ਨੌਕਰੀ ਛੱਡ ਗਏ, ਪਰ ਉਨ੍ਹਾਂ ਨੂੰ ਪਤਾ ਸੀ ਕਿ ਰੀਟਾ ਬਾਵਾ ਕੋਲ ਕਾਫੀ ਗਹਿਣੇ ਤੇ ਕੈਸ਼ ਹੈ। ਬਿਹਾਰ ਜਾ ਕੇ ਬਣਾਈ ਸਾਜ਼ਿਸ਼ ਵਿੱਚ ਦੋ ਸਾਬਕਾ ਚੌਕੀਦਾਰਾਂ ਨੇ ਕਾਲਜ ਦੇ ਮੌਜੂਦਾ ਚੌਕੀਦਾਰ ਰਮਨ ਨੂੰ ਨਾਲ ਮਿਲਾ ਲਿਆ ਅਤੇ ਰੇਕੀ ਲਈ ਪ੍ਰਿੰਸੀਪਲ ਰੈਜ਼ੀਡੈਂਸ 'ਚ ਛੱਡ ਦਿੱਤਾ। ਨੌਕਰੀ ਛੱਡ ਚੁੱਕੇ ਚੌਕੀਦਾਰ ਸਚਿਨ ਯਾਦਵ ਤੇ ਰਾਮ ਕੁਮਾਰ ਰਾਮੂ ਆਪਣੇ ਨਾਲ ਬਿਹਾਰ ਤੋਂ ਚਾਰ ਬੰਦੇ ਲੈ ਕੇ ਆਏ ਅਤੇ ਜਲੰਧਰ ਆ ਕੇ ਪ੍ਰਿੰਸੀਪਲ ਰੀਟਾ ਬਾਵਾ ਦੇ ਚੌਕੀਦਾਰ ਰਮਨ ਨਾਲ ਮੀਟਿੰਗ ਕੀਤੀ। ਰਮਨ ਨੇ ਰਾਤ ਨੂੰ ਉਨ੍ਹਾਂ ਸਾਰਿਆਂ ਨੂੰ ਪ੍ਰਿੰਸੀਪਲ ਦੇ ਰੈਜ਼ੀਡੈਂਸ ਵਿੱਚ ਐਂਟਰੀ ਕਰਵਾ ਦਿੱਤੀ ਸੀ, ਪਰ ਇੱਕ ਹੋਰ ਚੌਕੀਦਾਰ ਤਰਸੇਮ ਅਤੇ ਉਸ ਦੇ ਸਾਥੀ ਨੇ ਕੰਮ ਛੱਡ ਚੁੱਕੇ ਚੌਕੀਦਾਰ ਸਚਿਨ ਤੇ ਰਾਜੂ ਨੂੰ ਪਛਾਣ ਲਿਆ। ਫਸਣ ਦੇ ਡਰ ਕਾਰਨ ਦੋਸ਼ੀਆਂ ਨੇ ਤਰਸੇਮ ਤੇ ਦੂਜੇ ਚੌਕੀਦਾਰ ਦੀ ਹੱਤਿਆ ਵੀ ਕਰ ਦਿੱਤੀ।

## ਪੰਜਾਬ ਦੀਆਂ ਗੈਰ ਕਾਨੂੰਨੀ ਕਲੋਨੀਆਂ 30 ਜੂਨ ਤੱਕ ਰੈਗੂਲਰ ਹੋ ਸਕਣਗੀਆਂ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਗੈਰ ਕਾਨੂੰਨੀ ਕਲੋਨੀਆਂ ਪਲਾਟਾਂ ਅਤੇ ਬਿਲਡਿੰਗਾਂ ਦੀ ਰੈਗੂਲਰਾਈਜੇਸ਼ਨ ਲਈ ਅਪਲਾਈ ਕਰਨ ਦੀ ਆਖਰੀ ਮਿਤੀ ਵਧਾ ਕੇ ਪੰਜਾਬ ਸਰਕਾਰ ਨੇ 30 ਜੂਨ 2019 ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਇਸ ਮਕਸਦ ਦੀ ਮਿਆਦ ਪਹਿਲਾਂ 18 ਫਰਵਰੀ 2019 ਤੱਕ ਮਿਥੀ ਗਈ ਸੀ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਆਮ ਲੋਕਾਂ ਤੇ ਰੀਅਲ ਅਸਟੇਟ ਪਰਮੋਟਰਾਂ ਅਤੇ ਡਿਵੈਲਪਰਜ਼ ਦੀ ਮੰਗ ਦਾ ਧਿਆਨ ਰੱਖਦਿਆਂ ਇਹ ਫੈਸਲਾ ਲਿਆ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਗੈਰ ਕਾਨੂੰਨੀ ਕਲੋਨੀਆਂ ਰੈਗੂਲਰ ਕਰਨ ਲਈ ਨੋਟੀਫਾਈ ਕਰਨ ਦੀ ਨੀਤੀ ਹੇਠ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਸੀਨੀਅਰ ਅਫਸਰਾਂ ਨਾਲ ਪੰਜਾਬ ਕਾਲੋਨਾਈਜ਼ਰਜ਼ ਅਤੇ ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਦੀ ਹਾਜ਼ਰੀ ਵਿੱਚ ਮੀਟਿੰਗ ਹੋਏ ਤਾਂ ਇਸ ਦੌਰਾਨ ਐਸੋਸੀਏਸ਼ਨ ਦੇ ਮੈਂਬਰਾਂ ਨੇ ਗੈਰ ਕਾਨੂੰਨੀ ਕਲੋਨੀਆਂ ਦੀ ਰੈਗੂਲਾਈਜ਼ੇਸ਼ਨ ਲਈ ਆਖਰੀ ਮਿਤੀ ਵਧਾਉਣ ਲਈ ਮੰਗ ਰੱਖੀ ਸੀ। ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਤੇ ਵਿਭਾਗ ਦੇ ਅਫਸਰਾਂ ਨੇ ਆਮ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਆਖਰੀ ਮਿਤੀ ਵਿੱਚ ਵਾਧਾ ਕਰਨ ਦਾ ਫੈਸਲਾ ਲਿਆ ਹੈ। ਬੁਲਾਰੇ ਨੇ ਦੱਸਿਆ ਕਿ ਆਖਰੀ ਮਿਤੀ ਦਾ ਵਾਧਾ ਕਰਨ ਤੋਂ ਇਲਾਵਾ ਆਨਲਾਈਨ ਮੋਡ ਦੇ ਨਾਲ ਸੇਵਾ ਕੇਂਦਰਾਂ ਅਤੇ ਐੱਚ ਡੀ ਐੱਫ ਸੀ ਬੈਂਕ ਦੀਆਂ ਨਾਮਜ਼ਦ ਬ੍ਰਾਂਚਾਂ 'ਚ ਅਰਜ਼ੀ ਲੈਣ ਦੇ ਮੌਜੂਦਾ ਸਿਸਟਮ ਦੇ ਨਾਲ ਸੰਬੰਧਤ ਵਿਕਾਸ ਅਥਾਰਟੀਆਂ ਦੇ ਦਫਤਰਾਂ ਵਿੱਚ ਹੱਥੀਂ ਅਰਜ਼ੀਆਂ ਲੈਣ ਦੀ ਪ੍ਰਵਾਨਗੀ ਦਾ ਫੈਸਲਾ ਵੀ ਲਿਆ ਹੈ।




## ਵੋਟਾਂ ਬਣਾਉਣ, ਸੁਧਾਈ ਆਦਿ ਲਈ ਲੱਗਣ ਵਾਲੇ ਕੈਂਪਾਂ 'ਚ ਵੱਧ ਤੋਂ ਵੱਧ ਲੋਕਾਂ ਦੀ ਸਮੂਲੀਅਤ ਲਈ ਕਿਹਾ

ਫਰੀਦਕੋਟ, 3 ਮਾਰਚ (ਗਿਆਨ ਸਿੰਘ) ਲੋਕ ਸਭਾ ਚੋਣਾ 2019 ਦੀਆਂ ਤਿਆਰੀਆਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਚੋਣ ਅਮਲ ਬਾਰੇ ਅਗਾਊਂ ਜਾਣਕਾਰੀ ਦੇਣ ਅਤੇ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਵੋਟ ਬਣਾਉਣ ਤੋਂ ਵਾਂਝੇ ਰਹਿ ਗਏ ਵੋਟਰਾਂ, ਵੋਟਰ ਸੂਚੀ ਦੀ ਸੁਧਾਈ ਸਬੰਧੀ ਲਗਾਏ ਜਾ ਰਹੇ ਸਪੈਸ਼ਲ ਕੈਂਪਾਂ ਆਦਿ ਬਾਰੇ ਜਾਣਕਾਰੀ ਦੇਣ ਲਈ ਜਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਸ: ਗੁਰਲਵਲੀਨ ਸਿੰਘ ਸਿੱਧੂ ਵੱਲੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।



ਮੀਟਿੰਗ ਨੂੰ ਸੰਬੋਧਨ ਕਰਦਿਆਂ ਜਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਸ: ਗੁਰਲਵਲੀਨ ਸਿੰਘ ਸਿੱਧੂ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਕਿਸੇ ਸਮੇਂ ਵੀ ਲੋਕ ਸਭਾ ਚੋਣਾਂ ਦਾ ਐਲਾਨ ਕੀਤਾ ਜਾ ਸਕਦਾ ਹੈ ਅਤੇ ਇਸ ਸਬੰਧੀ ਜਿਲ੍ਹਾ ਪ੍ਰਸ਼ਾਸਨ ਵੱਲੋਂ ਲੋੜੀਂਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਮਾਨਯੋਗ ਚੋਣ ਕਮਿਸ਼ਨ ਭਾਰਤ ਸਰਕਾਰ ਵੱਲੋਂ ਵੋਟ ਬਣਾਉਣ ਤੋਂ ਰਹਿ ਗਏ ਵੋਟਰਾਂ ਲਈ ਮਿਤੀ 2 ਅਤੇ 3 ਮਾਰਚ ਨੂੰ ਵੋਟ ਬਣਾਉਣ ਦਾ ਸਪੈਸ਼ਨ ਮੌਕਾ ਦਿੱਤਾ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਨਵੀਂ ਵੋਟ ਬਨਾਉਣ ਲਈ ਫਾਰਮ ਨੰ: 6 ਭਰ ਕੇ ਦਿੱਤਾ ਜਾ ਸਕਦਾ ਹੈ ਅਤੇ ਫਾਰਮ ਨੰ: 6-ਏ ਭਰ ਕੇ ਪ੍ਰਵਾਸੀ ਵੋਟਰ ਆਪਣੀ ਵੋਟ ਬਣਵਾ ਸਕਦੇ ਹਨ। ਵੋਟ ਕਟਵਾਉਣ ਲਈ ਫਾਰਮ ਨੰ: 7 ਦਿੱਤਾ ਜਾ ਸਕਦਾ ਹੈ । ਕਿਸੇ ਵੀ ਤਰ੍ਹਾਂ ਦੀ ਦਰੁਸਤੀ ਲਈ ਫਾਰਮ ਨੰ: 8 ਭਰਿਆ ਜਾ ਸਕਦਾ ਹੈ । ਫਾਰਮ ਨੰ: 8-ਏ ਭਰ ਕੇ ਇਕੋ ਵਿਧਾਨ ਸਭਾ ਚੋਣ ਹਲਕੇ ਵਿੱਚ ਵੋਟ ਤਬਦੀਲ ਕਰਵਾਈ ਜਾ ਸਕਦੀ ਹੈ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਆਮ ਲੋਕਾਂ ਨੂੰ ਇਨ੍ਹਾਂ ਕੈਂਪਾਂ ਸਬੰਧੀ ਵੱਧ ਤੋਂ ਵੱਧ ਜਾਗਰੂਕ ਕਰਨ। ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਇਹ ਵੀ ਕਿਹਾ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਿਆਸੀ ਪਾਰਟੀਆਂ ਹਰੇਕ ਬੂਥ ਤੇ ਆਪਣਾ ਇਕ-ਇਕ ਬੂਥ ਲੈਵਨ ਏਜੰਟ ਜ਼ਰੂਰ ਨਿਯੁਕਤ ਕਰਨ ਅਤੇ ਇਸ ਦੀ ਲਿਸਟ ਜਿਲ੍ਹਾ ਚੋਣ ਦਫਤਰ ਵਿਖੇ ਜਮ੍ਹਾਂ ਕਰਵਾਉਣ। ਉਨ੍ਹਾਂ ਸੀ-ਵਿਜ਼ਿਲ ਐਪ ਜਿਸ ਰਾਹੀਂ ਆਮ ਵਿਅਕਤੀ ਮੌਕੇ ਤੇ ਫੋਟੋ ਖਿੱਚ ਕੇ ਜਾਂ ਵੀਡੀਓ ਬਣਾ ਕੇ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਕਰ ਸਕਦਾ ਹੈ, ਵੋਟਰ ਸੁਵਿਧਾ ਸੈਂਟਰ, ਚੋਣ ਕਮਿਸ਼ਨ ਦੇ ਟੋਲ ਫ੍ਰੀ ਹੈਲਪ ਲਾਈਨ 1950 ਨੰਬਰ ਤੇ ਵੋਟਾਂ ਸਬੰਧੀ ਜਾਣਕਾਰੀ ਜਾਂ ਸ਼ਿਕਾਇਤ ਲਈ ਸੰਪਰਕ ਕਰ ਸਕਦਾ ਹੈ । ਜਿਲ੍ਹੇ ਤੋਂ ਬਾਹਰਲੇ ਵਿਅਕਤੀ ਫੋਨ ਕਰਨ ਤੇ ਜਿਲ੍ਹੇ ਦਾ ਕੋਡ 01639 ਲਗਾ ਕੇ ਡਾਇਲ ਕਰ ਸਕਦਾ ਹੈ । ਮੀਟਿੰਗ ਵਿੱਚ ਵੋਟਿੰਗ ਮਸ਼ੀਨਾਂ ਵੀ.ਵੀ.ਪੈਟ ਆਦਿ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ: ਗੁਰਜੀਤ ਸਿੰਘ, ਐਸ.ਡੀ.ਐਮ. ਫਰੀਦਕੋਟ ਸ: ਪਰਮਦੀਪ ਸਿੰਘ, ਸੀ.ਪੀ.ਆਈ.ਐਮ ਪਾਰਟੀ ਤੋਂ ਅਪਾਰ ਸਿੰਘ, ਸੀ.ਪੀ.ਆਈ. ਤੋਂ ਕਾਮਰੇਡ ਪਵਨਪ੍ਰੀਤ ਸਿੰਘ, ਆਮ ਅਦਾਮੀ ਪਾਰਟੀ ਤੋਂ ਅਮਨਦੀਪ ਸਿੰਘ, ਕਾਂਗਰਸ ਪਾਰਟੀ ਤੋਂ ਸ: ਬਲਕਰਨ ਸਿੰਘ ਨੰਗਲ, ਬਸਪਾ ਪਾਰਟੀ ਤੋਂ ਗੁਰਬਖਸ਼ ਸਿੰਘ ਆਦਿ ਨੁਮਾਇੰਦੇ ਹਾਜ਼ਰ ਸਨ।






# ਹਤਾਸ਼ ਹੈ ਪੰਜਾਬ

-ਡਾ. ਗੁਰਬਖ਼ਸ਼ ਸਿੰਘ ਭੰਡਾਲ

ਪੰਜਾਬ ਹਤਾਸ਼ ਅਤੇ ਨਿਰਾਸ਼ ਹੈ। ਉਦਾਸ ਅਤੇ ਬੇਆਸ ਹੈ। ਗ਼ਮਗੀਨ ਅਤੇ ਸੁਪਨਹੀਣ ਹੈ। ਲਾਚਾਰ ਅਤੇ ਬਿਮਾਰ ਹੈ। ਰਿਆੜਦਾ ਅਤੇ ਦੁਹਾੜਦਾ ਹੈ। ਵਖ਼ਤ ਤੇ ਵਕਤ ਵਿਚ ਦਰੜਿਆ, ਆਪਣੀ ਆਉਧ ਦਾ ਪਛਤਾਵਾ। ਕਿਸੇ ਗੈਬੀ ਆਸ ਵੰਨੀਂ ਧਿਆਨ ਧਰੀ, ਖੁਦ ਤੋਂ ਹੀ ਬੇਮੁੱਖ ਹੈ।

ਪੰਜਾਬ ਨੂੰ ਬਹੁਤ ਸਾਰੀਆਂ ਅਲਾਮਤਾਂ ਨੇ ਘੇਰ ਲਿਆ ਏ। ਕੁਝ ਆਪਣਿਆਂ ਨੇ ਦਿਤੀਆਂ ਤੇ ਕੁਝ ਪਰਾਇਆਂ ਦੀ ਚਾਲ ਨੇ ਪੰਜਾਬ ਦੇ ਗਲ 'ਚ ਪਾ ਦਿਤੀਆਂ। ਪੰਜਾਬ ਦਾ ਇਤਿਹਾਸ ਸਦਾ ਹੀ ਤਰਾਸਦੀਆਂ ਨੂੰ ਹੰਢਾਉਣਾ ਅਤੇ ਇਹਨਾਂ ਤੋਂ ਉਭਰਨਾ ਰਿਹਾ ਏ। ਪਰ ਜਦ ਕਿਸੇ ਦੀਆਂ ਜੜ੍ਹਾਂ 'ਣ ਅੱਕ ਚੋਇਆ ਜਾਵੇ, ਹਿੱਕ ਵਿਚ ਜ਼ਹਿਰ ਦੀ ਪਿਉਂਦ ਲਾਈ ਜਾਵੇ ਅਤੇ ਦਿੱਖ ਨੂੰ ਵਿਗਾੜਨ ਲਈ ਹਰ ਹਰਬਾ ਵਰਤਿਆ ਜਾਵੇ ਤਾਂ ਚੰਗੇਰੇ ਭਵਿੱਖ ਦੀ ਆਸ ਬੇਵਾ ਹੋ ਜਾਂਦੀ ਹੈ। ਸੁਹੱ-ਪਣ ਨੂੰ ਸਿਉਂਕ, ਸਿਹਤਮੰਦੀ ਨੂੰ ਅਲਾਮਤਾਂ, ਸਦਭਾਵਨਾ ਵਿਚ ਬੇਗਾਨਗੀ ਅਤੇ ਸਮਾਜਿਕ ਤੰਦਾਂ ਦੀ ਪਾਕੀਜ਼ਗੀ ਤੇ ਪਕਿਆਈ ਨੂੰ ਕਚਿਆਈ ਕਰਨ ਲਈ ਜਦ ਬਿਗਾਨਿਆਂ ਨਾਲ ਆਪਣੇ ਵੀ ਰਲ ਜਾਣ ਤਾਂ ਕੁਝ ਵਧੀਆ ਅਤੇ ਭਵਿੱਮੁੱਖੀ ਹੋਣ ਦੀ ਆਸ ਵੀ ਮਧਮ ਪੈ ਜਾਂਦੀ।

ਪੰਜਾਬ, ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਪੱਧਰ 'ਤੇ ਅਜੇਹੀ ਰਸਾਤਲ ਵਿਚ ਡਿਗਦਾ ਜਾ ਰਿਹਾ ਹੈ ਕਿ ਜੇ ਇਸਨੂੰ ਸੰਭਾਲਣ ਅਤੇ ਇਸਦੀ ਆਭਾ ਨੂੰ ਪੁਨਰ ਸਥਾਪਤ ਕਰਨ ਵੀ ਸਾਰੀਆਂ ਧਿਰਾਂ ਨੇ ਨਿੱਜੀ ਮੁਫਾਦਾਂ, ਰਾਜਨੀਤਕ ਵੱਖਰੇਵਿਆਂ ਅਤੇ ਧਾਰਮਿਕ ਸੌੜੇਪਣ ਤੋਂ ਉਪਰ ਉਠ ਕੇ, ਉਸਾਰੂ ਯੋਗਦਾਨ ਪਾਉਣ ਵਿਚ ਪਹਿਲ-ਕਦਮੀ ਨਾ ਕੀਤਾ ਤਾਂ ਤਿਇਹਾਸ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰੇਗਾ। ਪੰਜਾਬ ਦੀ ਸਮੁੱਚੀ ਹੋਂਦ 'ਤੇ ਇਕ ਪ੍ਰਸ਼ਨ ਚਿੰਨ ਸਦੀਵੀ ਖੁਣਿਆ ਜਾਵੇਗਾ। ਅਜੇਹੇ ਪ੍ਰਸ਼ਨ ਚਿੰਨ ਨੂੰ ਕਿਆਸਣ, ਸਮਝਣ ਅਤੇ ਇਸਤੋਂ ਬਚਣ ਲਈ ਕਾਰਨਾਂ ਦੀ ਤਹਿ ਤੀਕ ਪਹੁੰਚਣਾ ਬਹੁਤ ਜਰੂਰੀ। ਬਹੁਤ ਕੁਝ ਕਿਹਾ ਤੇ ਅਣਕਿਹਾ ਵਾਪਰ ਰਿਹਾ ਹੈ ਜੋ ਅਚੇਤ ਅਤੇ ਸੁਚੇਤ ਰੂਪਵਿਚ ਸਾਡੇ ਸਾਹਮਣੇ ਹੋ ਰਿਹਾ ਹੈ। ਸੱਚ ਤਾਂ ਇਹ ਹੈ ਕਿ ਜਦ ਰਾਜਨੀਤਕ ਲੋਕ ਸਰਕਾਰੀ ਅਦਾਰਿਆਂ ਨੂੰ ਹੜੱਪਣ ਅਤੇ ਆਪਣੀਆਂ ਸਲਤਨੱਤਾਂ ਖੜੀਆਂ ਕਰਨ ਲਈ ਰੁਚਿੱਤ ਹੋਣਗੇ ਤਾਂ ਪੰਜਾਬ ਦੇ ਲੋਕ-ਪੱਖੀ ਹਿੱਤਾਂ 'ਤੇ ਪਹਿਰਾ ਕੌਣ ਦੇਵੇਗਾ?ਅਜੇਹਾ ਪੰਜਾਬ ਦੇ ਹਰ ਖੇਤਰ ਜਿਵੇਂ ਸਿਹਤ, ਸਿਖਿਆ, ਟਰਾਂਸਪੋਰਟਆਦਿ ਵਿਚ ਹੋ ਰਿਹਾ ਹੈ। ਕੋਈ ਵੀ ਧਿਰ ਇਸ ਗਲਬਾ ਤੋਂ ਛੁਟਕਾਰਾ ਪਾਉਣ ਦੀ ਚਾਹਵਾਨ ਨਹੀਂ। ਇਸ ਪ੍ਰਤੀ ਕੋਸਿਸ਼ ਕਰਨਾ ਤਾਂ ਦੂਰ ਦੀ ਗੱਲ।ਪੰਜਾਬ ਦੀ ਤਰਾਸਦੀ ਅਤੇ ਇਸਦੀ ਤਰਸਯੋਗ ਹਾਲਾਤ ਨੂੰ ਹੋਰ ਤਰਸਯੋਗ ਬਣਾਉਣ ਵਿਚ ਸਰਕਾਰੀ ਤੰਤਰ ਬਰਾਬਰ ਦਾ ਭਾਈਵਾਲ। ਸਮੱਸਿਆਵਾਂ ਤੋਂ ਅੱਖਾਂ ਮੀਟ ਕੇ ਅਸੀਂ ਸਮੱਸਿਆ ਹੱਲ ਨਹੀਂ ਕਰਦੇ ਸਗੋਂ ਸਮੱਸਿਆਵਾਂ ਹੋਰ ਗੁੰਲਝ਼ਦਾਰ ਹੁੰਦੀਆਂ ਨੇ।

ਪੰਜਾਬੀਆਂ ਦਾ ਪ੍ਰਵਾਸ ਕਰਨ ਦਾ ਰੁਝਾਨ ਤਾਂ ਸਦੀਆਂ ਪੁਰਾਣਾ ਹੈ। ਪਰਅਜੋਕੇ ਸਮੇਂ ਵਿਚ ਪੜਾਈ ਦੇ ਬਹਾਨੇ ਪ੍ਰਵਾਸ ਕਰਨਾ ਇਕ ਅਜੇਹਾ ਰੁਝਾਨ ਹੈ ਜਿਸਨੇ ਪੰਜਾਬ ਨੂੰ ਬਰਬਾਦੀ ਦੇ ਕੰਢੇ 'ਤੇ ਲਿਆ ਖਲਿਆਰਿਆ ਹੈ। ਪੰਜਾਬ ਵਿਚਲੀ ਬੇਰੁਜ਼ਗਾਰੀ, ਸਿੱਖਿਆ ਦੇ ਨਿੱਜੀ ਕਰਨ ਕਾਰਨ ਮਹਿੰਗੀ, ਮੱਧ-ਪੱਧਰੀਤੇ ਰੁਜ਼ਗਾਰਹੀਣ ਸਿਖਿਆ ਅਤੇ ਰੁਜ਼ਗਾਰ ਦੇ ਘੱਟ ਰਹੇ ਮੌਕਿਆਂ ਕਾਰਨ ਪੰਜਾਬ ਦੇ 70-80 ਹਜਾਰ ਵਿਦਿਆਰਥੀ ਹਰ ਸਾਲ ਆਈਲੈਟਸ ਕਰਕੇ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟਰੇਲੀਆ, ਇੰਗਲੈਂਡ ਆਦਿ ਦੇਸ਼ਾਂ ਵਿਚ ਪੜਾਈ ਲਈ ਜਾਣ ਦੇ ਓਹਲੇ ਵਿਚ ਪ੍ਰਵਾਸ ਕਰ ਰਹੇ ਹਨ। ਆਈਲੈਟਸ ਤੋਂ ਲੈ ਕੇ ਵਿਦੇਸ਼ ਵਿਚ ਜਾਣ, ਇਕ ਸਾਲ ਦੀ ਪੜਾਈ ਦੀ ਫ਼ੀਸ ਅਤੇ ਰਹਿਣ ਦਾ ਖਰਚਾ ਅੰਦਾਜ਼ਨ 20 ਕੁ ਲੱਖ ਬਣਦਾ ਹੈ। ਇਸ ਹਿਸਾਬ ਨਾਲ ਲੱਗਭੱਗ 15000 ਕਰੋੜ ਰੁਪਇਆ ਪੰਜਾਬ ਤੋਂ ਹਰ ਸਾਲ ਵਿਦੇਸ਼ਾਂ ਨੂੰ ਕਾਨੂੰਨੀ ਰੂਪ ਵਿਚ ਜਾ ਰਿਹਾ ਹੈ। ਇਸ ਵਿਚ ਪ੍ਰਵਾਸੀਆਂ ਵਲੋਂ ਪੰਜਾਬ ਵਿਚ ਵੇਚੀਆਂ ਜਾ ਰਹੀਆਂ ਜਾਇਦਾਦਾਂ ਦੇ ਪੈਸੇ ਨੂੰ ਹਵਾਲੇ ਰਾਹੀਂ ਭੇਜੇ ਪੈਸੇ ਨੂੰ ਜੋੜਿਆ ਜਾਵੇ ਤਾਂ ਇਹ ਰਾਸ਼ੀ ਹੋਰ ਵੀ ਵੱਧ ਜਾਂਦੀ। ਇਹ ਰੁਝਾਨ ਪਿਛਲੇ ਕਈ ਸਾਲਾਂ ਤੋਂ ਨਿਰੰਤਰ ਜਾਰੀ ਹੈ। ਜੇ ਪਿਛਲੇ ਦਸ ਕੁ ਸਾਲਾਂ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਰਾਸ਼ੀ ਇਕ ਲੱਖ ਪੰਜਾਹ ਹਜ਼ਾਰ ਕਰੋੜ ਬਣਦੀ ਹੈ। ਅੰਦਾਜ਼ਾ ਲਾਇਆ ਜਾ ਸਕਦਾ ਕਿ ਕਿੰਨਾ ਪੈਸੇ ਪੰਜਾਬ ਵਿਚੋਂ ਵਿਦੇਸ਼ ਜਾ ਚੁੱਕਾ ਹੈ। ਪੰਜਾਬ ਦੇ ਇਸ ਆਰਥਿਕ ਅਤੇ ਬੌਧਿਕ ਨੁਕਸਾਨ ਤੋਂ ਇਲਾਵਾ ਉਹ ਨੌਜ਼ਵਾਨ ਹੁਣ ਬਾਰਹਲੇ ਦੇਸ਼ਾਂ ਦੀ ਤਰੱਕੀ ਵਿਚ ਯੋਗਦਾਨ ਪਾਉਣਗੇ ਜਿਹਨਾਂ ਨੇ 40 ਸਾਲ ਤੀਕ ਪੰਜਾਬ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣਾ ਸੀ। ਇਹਨਾਂ ਦੇ ਜਾਣ ਨਾਲ ਪੰਜਾਬ ਵਿਚ ਪੈਦਾ ਹੋਏ ਵਸੋਂ ਦੇ ਖ਼ਲਾਅ ਨੂੰ ਬਾਹਰਲੇ ਸੂਬਿਆਂ ਤੋਂ ਆਏ ਲੋਕ ਭਰ ਰਹੇ ਹਨ। ਇਸ ਨਾਲ ਪੰਜਾਬ ਅਤੇ ਪੰਜਾਬੀਅਤ ਦਾ ਸਮੁੱਚਾ ਮੁਹਾਂਦਰਾ ਹੀ ਬਦਲ ਰਿਹਾ ਹੈ। ਪੰਜਾਬੀ ਵਿਰਾਸਤ ਅਤੇ ਸਭਿਆਚਾਰਕ ਵਿਗਾੜ ਪੈਦਾ ਹੋ ਰਹੇ ਹਨ। ਅਜੇਹੇ ਸਥਿੱਤੀ ਵਿਚ ਪੰਜਾਬ ਦਾ ਅਸਲੀ ਅਤੇ ਮੁੱਢਲਾ ਸਰੂਪ ਨੂੰ ਸੰਭਾਲੀ ਰੱਖਣਾ ਅਸੰਭਵ ਹੋਵੇਗਾ ਕਿਉਂਕਿ ਲੋਕ ਹੀ ਆਪਣੇ ਵਿਰਸੇ ਦਾ ਮਾਣ ਹੁੰਦੇ ਅਤੇ ਉਹਨਾਂ ਲਈ ਆਪਣੇ ਵਿਰਸੇ ਪ੍ਰਤੀ ਫ਼ਿਕਰਮੰਦੀ ਅਹਿਮ ਹੁੰਦੀ। ਪੰਜਾਬ ਦੀ ਦਿੱਖ ਵਿਚ ਹੋਏ ਬਦਲਾਅ ਨੂੰ ਵੱਡੇ ਨਗਰਾਂ ਵਿਚ ਵੇਖਿਆ ਵੀ ਜਾ ਸਕਦਾ। ਜੇ ਪੰਜਾਬ ਵਿਚ ਨੌਜ਼ਵਾਨਾਂ ਲਈ ਨੌਕਰੀਆਂ ਦੇ ਮੌਕੇ, ਛੋਟੇ ਬਿਜਨਿਸ ਸਥਾਪਤ ਕਰਨ ਲਈ ਰਿਆਇਤਾਂ ਜਾਂ ਸਰਕਾਰੀ ਸਹਾਇਤਾ ਦੇ ਰੂਪ ਵਿਚ ਹੌਂਸਲਾ ਅਫ਼ਜਾਈ ਮਿਲੇ ਤਾਂ ਇੰਨੇ ਧਨ ਨਾਲ ਉਹ ਪੰਜਾਬ ਵਿਚ ਬਹੁਤ ਕੁਝ ਉਸਾਰੂ ਕਰ, ਪੰਜਾਬ ਦੀ ਉਤਪਤੀ ਵਿਚ ਹਿੱਸਾ ਪਾ ਸਕਦੇ ਹਨ।ਪੰਜਾਬ ਦੇ ਵਿਦਿਆਰਥੀਆਂ ਦੇ ਬਾਹਰ ਜਾਣ ਦੇ ਰੁਝਾਨ ਨੇ ਧੜਾ-ਧੜ ਖੁੱਲ ਰਹੇ ਨਿੱਜੀ ਵਿਦਿਅਕ ਅਦਾਰਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਵਿਦਿਆਰਥੀਆਂ ਦੀ ਘਾਟ ਵਿਚ ਇਹ ਕਾਲਜ਼ ਆਪਣੇ ਖਰਚੇ ਪੂਰੇ ਕਰਨ ਤੋਂ ਅਸਮਰਥ, ਬੰਦ ਹੋਣ ਲੱਗੇ ਹਨ। ਇਹ ਮਾਰੂ ਤਬਦੀਲੀ ਦਾ ਸੂਚਕ ਹੈ। ਪੰਜਾਬ ਤੋਂ ਹੋ ਰਹੇ ਇਸ ਆਰਥਿਕ, ਬੌਧਿਕ ਅਤੇ ਜਵਾਨੀ ਦੇ ਨਿਕਾਸਨੂੰ ਰੋਕਣ ਲਈ, ਪੰਜਾਬ ਦੇ ਕਿਸੇ ਵੀ ਲੀਡਰ ਤੋਂ ਆਸ ਦਾ ਰੱਖਣਾ ਬੇਥਵਾ ਹੈ।

ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿਚ ਧਕਣ ਅਤੇ ਪੰਜਾਬੀ ਜਵਾਨੀ ਨੂੰ ਖਤਮ ਕਰਨ ਲਈ ਚੱਲੀ ਚਾਲ ਵਿਚ ਪੰਜਾਬੀਆਂ ਦਾ ਘਾਣ ਹੋ ਗਿਆ ਹੈ। ਸਰੀਰਕ ਕੱਦਕਾਠ ਦੇ ਬੌਣੇਪਣ ਕਾਰਨ ਸੁਰੱਖਿਆ ਬਲਾਂ ਦੀ ਭਰਤੀ ਵਿਚ ਮਾਪਦੰਡਾਂ 'ਤੇ ਪੂਰੇ ਨਹੀਂ ਉਤਰ ਰਹੇ। ਸਿਖਿਆ ਦਾ ਮਿਆਰ ਡਿੱਗਣ ਕਾਰਨ ਸਿਵਲ ਸਰਵਿਸਜ਼ ਵਿਚ ਪੰਜਾਬੀਆਂ ਦੀ ਗਿਣਤੀ ਨਿਗੂਣੀ ਹੈ ਅਤੇ ਪੰਜਾਬ ਦੀ ਅਫ਼ਸਰਸ਼ਾਹੀ ਵਿਚ ਦੂਸਰੇ ਸੂਬਿਆਂ ਦੇ ਅਫ਼ਸਰਾਂ ਦੀ ਬਹੁਤਾਤ ਹੈ। ਧਾਰਮਿਕ ਤੇ ਜਾਤੀ ਸੰਕੀਰਨਤਾ ਦੇ ਦੌਰ ਵਿਚ ਕਈ ਵਾਰ ਅਫ਼ਸਰਾਂ ਦਾ ਇਸਤੋਂ ਨਿਰਲੇਪ ਰਹਿਣਾ ਬਹੁਤ ਔਖਾ ਹੁੰਦਾ। ਇਸ ਕਰਕੇ ਪੰਜਾਬ ਤੋਂ ਬਾਹਰਲੇ ਵਿਦਿਆਰਥੀਆਂ ਦੇ ਪੰਜਾਬ ਦੇ ਅਦਾਰਿਆਂ ਵਿਚ ਦਾਖ਼ਲੇ ਅਤੇ ਪੰਜਾਬ ਵਿਚ ਨੌਕਰੀ ਪ੍ਰਾਪਤ ਕਰਨ ਲਈ ਬਣਾਏ ਨਿਯਮਾਂ ਬਾਰੇ ਰਾਜਨੀਤਕ ਲੋਕਾਂ ਨੂੰ ਓਹਲੇ ਵਿਚ ਰੱਖਿਆ ਜਾਂਦਾ ਹੈ।

ਪੰਜਾਬ ਦਾ ਜ਼ਹਿਰੀਲਾ ਪਾਣੀ, ਪ੍ਰਦੂਸ਼ਤ ਹਵਾ ਅਤੇ ਧਰਤੀ ਵਿਚ ਕੀਟ-ਨਾਸ਼ਕਾਂ ਦੀ ਬਹੁਤਾਤ ਕਾਰਨ ਜ਼ਹਿਰੀਲੇ ਖਾਣੇ ਨੇ ਪੰਜਾਬੀਆਂ ਨੂੰ ਨਿਪੁੰਸਕ ਅਤੇ ਬਿਮਾਰ ਬਣਾ ਦਿਤਾ ਏ। ਇਸ ਲਈ ਹੀ ਪੰਜਾਬ ਵਿਚ ਹਸਪਤਾਲਹੀ ਹਸਪਤਾਲ ਹਨ। ਫਰਟੀਲਿਟੀ ਸੈਂਟਰ ਵੀ ਧੜਾਧੜ ਖੁੱਲ ਰਹੇ ਹਨ। ਪਰ ਸਿਤੱਮ ਦੀ ਗੱਲ ਹੈ ਕਿ ਕੋਈ ਨਹੀਂ ਸੋਚਦਾ ਕਿ ਇਹਨਾਂ ਫਰਟੀਲਿਟੀ ਸੈਂਟਰਾਂ ਦੀ ਲੋੜ ਕਿਉਂ ਪਈ? ਕਿਧਰੇ ਫਰਟੀਲਿਟੀ ਸੈਂਟਰ ਰਾਹੀਂ ਪੈਦਾ ਹੋਇਆ ਬੱਚਿਆਂ ਦੇ ਡੀਐਨਏ ਤਾਂ ਨਹੀਂ ਬਦਲੇ ਜਾ ਰਹੇ?ਕੀ ਇਸ ਨਾਲ ਪੰਜਾਬੀਪੁਣੇ ਨੂੰ ਪੜਾਅਵਾਰ ਅਤੇ ਯੋਜਨਾਬੱਧ ਤਰੀਕੇ ਨਾਲ ਖਤਮ ਕਰਨ ਦੀ ਕੋਈ ਤਰਕੀਬ ਤਾਂ ਨਹੀਂ? ਕੀ ਇਸ ਨੂੰ ਨਿਯਮਤ ਕਰਨ ਬਾਰੇ ਸਰਕਾਰਾਂ ਸਖਤ ਹਨ? ਕੀ ਇਸ ਪ੍ਰਤੀ ਨਵੇਂ ਬਣੇ ਮਾਪਿਆਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਨਵ-ਜਨਮੇ ਬੱਚੇ ਦੇ ਡੀਐਨ ਏ ਦੀ ਪਰਖ਼ ਕਰਵਾ ਲੈਣ? ਬਹੁਤ ਸਾਰੇ ਪ੍ਰਸ਼ਨ ਨੇ ਸੁਚੇਤ ਮਨ 'ਚ।

ਪੰਜਾਬ ਵਿਚ ਨਸ਼ਿਆਂ ਦੀ ਅਲਾਮਤ ਇੰਨਾ ਭਿਆਨਕ ਰੂਪ ਅਖਤਿਆਰ ਕਰ ਗਈ ਹੈ ਕਿ ਹੁਣ ਮਾਪੇ ਆਪਣੇ ਬੱਚਿਆਂ ਦਾ ਸਿਵਾ ਸੇਕਣ ਲਈ ਮਜਬੂਰ ਨੇ। ਮਾਲਵੇ ਨੂੰ ਕੈਂਸਰ ਦੀ ਭਿਆਨਕਤਾ ਨੇ ਨਿਗਲ ਲਿਆ ਏ ਅਤੇ ਕਿਰਸਾਨਾਂ ਨੂੰ ਕਰਜ਼ੇ ਦਾ ਦੈਂਤ ਹੜੱਪਣ ਲਈ ਕਾਹਲਾ ਏ। ਨਿੱਤ ਹੁੰਦੀਆਂ ਖੁਦਕੁਸ਼ੀਆਂ ਦੀ ਰੁੱਤ ਨੇ ਵੀ ਪੰਜਾਬ ਦੇ ਦਰੀਂ ਹੀ ਦਸਤਕ ਦੇਣੀ ਸੀ। ਇਸ ਮਰਨਹਾਰੀ ਦਸਤਕ ਨੇ ਘਰਾਂ ਨੂੰ ਉਜਾੜ ਅਤੇ ਪਰਿਵਾਰਾਂ ਨੂੰ ਕੰਗਾਲੀ ਦੀ ਕੰਗਾਰ 'ਤੇ ਲਿਆ, ਹਰ ਘਰ ਵਿਚ ਸੱਥਰ ਵਿਛਾਉਣ ਦਾ ਰਾਹ ਪੱਧਰਾ ਕਰ ਦਿਤਾ ਏ। ਕੋਈ ਵੀ ਰਾਜਨੀਤਕ ਜਾਂ ਧਾਰਮਿਕ ਆਗੂ ਇਸਦਾ ਸਾਜ਼ਗਾਰ ਹੱਲ ਲੱਭਣ ਲਈ ਪਹਿਲ ਨਹੀਂ ਕਰ ਰਿਹਾ ਸਗੋਂ ਉਹਨਾਂ ਦਾ ਅਵੇਸਲਾਪਣ, ਤਬਾਹੀ ਨੂੰ ਤੂਫ਼ਾਨੀ ਦੌਰ ਦਾ ਦਰਦ ਬਣਾ ਰਿਹਾ ਏ।

ਪੰਜਾਬ ਦੇ ਜਾਏ ਪ੍ਰਵਾਸੀ ਵੀ ਆਪਣੇ ਘਰਾਂ ਨੂੰ ਪਰਤਣ ਤੋਂ ਤ੍ਰਿਹਣ ਲੱਗ ਪਏ ਹਨ। ਬਾਹਰਲੇ ਦੇਸ਼ਾਂ ਵਿਚੋਂ ਕਮਾਈ ਕਰਕੇ, ਪੰਜਾਬ ਵਿਚ ਨਿਵੇਸ਼ ਕਰਨ ਵਾਲੇ ਪੰਜਾਬੀ ਹੁਣ ਆਪਣੀਆਂ ਜਾਇਦਾਦਾਂ ਵੇਚਣ ਲੱਗ ਪਏ ਹਨ। ਇਸ ਕਾਰਨ ਹੀ ਪੰਜਾਬ ਵਿਚ ਜ਼ਮੀਨਾਂ, ਜ਼ਾਇਦਾਦਾਂ, ਘਰਾਂ ਅਤੇ ਕੋਠਿਆਂ ਦੇ ਰੇਟ ਬਹੁਤ ਘੱਟ ਗਏ ਹਨ ਜਿਸ ਕਰਕੇ ਪੰਜਾਬੀਆਂ ਨੂੰ ਇਕ ਹੋਰ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਧਰੇ ਪਰਵਾਸੀਆਂ ਦੀਆਂ ਜਾਇਦਾਦਾਂ ਨੂੰ ਕੌਡੀਆਂ ਭਾਅ ਵੇਚਣ ਲਈ ਮਜਬੂਰ ਕਰਨ ਹਿੱਤ ਇਹ ਕੋਈ ਚਾਲ ਤਾਂ ਨਹੀਂ? ਪੰਜਾਬ 'ਚ ਫੈਲੇ ਡਰ ਕਾਰਨ ਪੰਜਾਬੀਆਂ ਦੀਆਂ ਜਾਇਦਾਦਾਂ 'ਤੇ ਬੇਗਾਨਿਆਂ ਨੇ ਸਹਿਜੇ ਹੀ ਕਾਬਜ਼ ਹੋ ਜਾਣਾ। ਫਿਰ ਆਪਣੇ ਗਰਾਂ ਨੂੰ ਪਰਤਣ ਅਤੇ ਮਿੱਟੀ ਨੂੰ ਸਿਜਦਾ ਕਰਨ ਲਈ ਵੀ ਤਰਸ ਜਾਣਗੇ ਪੰਜਾਬੀ। ਇਹ ਤਰਾਸਦੀ ਸਾਡੇ ਦਰਾਂ 'ਤੇ ਦਸਤਕ ਦੇ ਰਹੀ ਹੈ। ਪਰ ਅਸੀਂ ਹੀ ਘੇਸਲ ਮਾਰ ਕੇ ਇਸਨੂੰ ਅਣਗੌਲੀ ਕਰ ਰਹੇ ਹਾਂ।ਅਜੇਹਾ ਵਰਤਾਰਾ ਕਿੰਨਾ ਕੁ ਚਿਰ ਰਹੇਗਾ, ਇਸਨੂੰ ਸੋਚਣ ਤੇ ਸਮਝਣ ਲਈ ਸੁੱਚੀ ਸੁਮੱਤ ਦੀ ਲੋੜ ਹੈ।

ਪੰਜਾਬ ਦੀਆਂ ਖਿਲਰੀਆਂ ਜਟੂਰੀਆਂ, ਮੁੱਖ 'ਤੇ ਜੰਮ ਚੁੱਕੀਆਂ ਘਰਾਲਾਂ ਅਤੇ ਦੀਦਿਆਂ ਵਿਚ ਟੁੱਟੇ ਸੁਪਨਿਆਂ ਦੀ ਚਸਕ ਨੂੰ ਸੁਣਨ ਤੋਂ ਬੇਮੁੱਖ ਨੇ ਪੰਜਾਬੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਮਨ ਵਿਚ ਵਸਾ, ਪੰਜਾਬ ਦੀ ਨਰੋਈ ਹੋਂਦ ਨੂੰ ਬਚਾਉਣ ਲਈ ਪਹਿਲਕਦਮੀ ਕਰਨ ਦੀ ਲੋੜ ਹੈ ਜਿਸ ਵਿਚ ਸਾਰੀਆਂ ਧਿਰਾਂ ਦੀ ਸ਼ਮੂਲੀਅਤ, ਸਹਿਯੋਗ, ਸਮਰਪਿੱਤਾ ਅਤੇ ਸਮੁੱਚਤਾ ਦੀ ਅਤਿਅੰਤ ਜ਼ਰੂਰਤ ਹੈ।

ਕੋਈ ਤਾਂ ਪੰਜਾਬ ਦੇ ਅੱਥਰੂਆਂ ਨੂੰ ਪੂੰਝੇ, ਹਟਕੋਰਿਆਂ ਨੂੰ ਵਰਾਵੇ, ਹਿੱਚਕੀਆਂ ਦੀ ਹਾਥ ਪਾਵੇ, ਪੈਰੀਂ ਪਈਆਂ ਜੰਜੀਰਾਂ ਨੂੰ ਤੋੜੇ, ਬਰਬਾਦੀ ਵੱਲ ਅਹੁਲਦੇ ਕਦਮਾਂ ਨੂੰ ਹੋੜੇ ਅਤੇ ਇਸਦੀ ਗੌਰਵਮਈ ਅਤੇ ਗੈਰਤਮੰਦ ਵਿਰਾਸਤ ਨੂੰ ਵਾਪਸ ਮੋੜ ਲਿਆਵੇ। ਪੰਜਾਬ ਮਾਰੂਥਲ ਬਣਨ ਲਈ ਕਾਹਲਾ ਏ। ਕੋਈ ਨਹੀਂ ਇਸ ਬਾਰੇ ਸੋਚਦਾ। ਬਹੁਤਨਿਘਰਿਆ ਵਾਤਾਵਰਣ, ਪੰਜਾਬ ਦੀ ਰੁੰਡ-ਮਰੁੰਡਤਾ ਦਾ ਮੁਹਾਂਦਰਾ। ਵਾਤਾਵਰਣ ਦੀ ਸੰਤੁਲਤਾ ਲਈ ਬਿਰਖਾਂ, ਪੰਛੀਆਂ ਅਤੇ ਜਾਨਵਰਾਂ ਵਿਚਲਾ ਸੰਤੁਲਤ ਜਰੂਰੀ। ਪੰਜਾਬ ਦੇ ਅੰਮ੍ਰਿਤ ਵਰਗੇ ਪਾਣੀ ਕੁਝ ਤਾਂ ਜ਼ਹਿਰ ਬਣ ਗਏ ਅਤੇ ਕੁਝ ਬਰੇਤੇ। ਅਜੇਹੇ ਹਾਲਾਤ ਰਹੇ ਤਾਂ ਪੰਜਾਹ ਕੁ ਸਾਲ ਤੀਕ ਪੰਜਾਬ ਦਾ ਜ਼ਿਆਦਾਤਰ ਭਾਗ ਮਾਰੂਥਲ ਬਣ ਜਾਵੇਗਾ। ਆਬਹੀਣ ਪੰਜਾਬੀ, ਪੰਜਾਬ ਦੇ ਅਰਥਾਂ ਤੋਂ ਮਹਿਰੂਮ ਹੋ, ਆਪਣੀਆਂ ਕਬਰਾਂ ਦੀ ਨਿਸ਼ਾਨਦੇਹੀ ਕਰਨ ਜੋਗੇ ਹੀ ਰਹਿ ਜਾਣਗੇ।

ਲੋੜ ਹੈ ਕਿ ਲੋਕਾਂ ਨੂੰ ਚੇਤਨ ਹੋ ਕੇ ਚਿੰਤਨ ਕਰਨ ਦੀ ਅਤੇ ਇਸ ਚਿੰਤਨ ਵਿਚੋਂ ਕੁਝ ਉਸਾਰੂ ਅਤੇ ਪ੍ਰਭਾਵੀ ਸਿਰਜਣ ਲਈ ਲਾਮਬੰਦ ਹੋਣ ਦੀ। ਕਿਉਂਕਿ ਜਦ ਲੋਕ ਜਾਗਦੇ ਨੇ ਤਾਂ ਤਕਦੀਰਾਂ ਜਾਗਦੀਆਂ। ਸੁੱਤੀਆਂ ਤਕਦੀਰਾਂ ਨੂੰ ਤਰਜ਼ੀਹਾਂ ਦੀ ਨਿਸ਼ਾਨਦੇਹੀ ਕਰਨ ਲਈ, ਸਾਰਥਿਕ ਤਦਬੀਰਾਂ ਘੜ ਕੇ ਹੀ ਜਗਾਇਆ ਜਾ ਸਕਦਾ। ਹੁਣ ਵਾਰੀ ਪੰਜਾਬੀਆਂ ਦੀ ਹੈ। ਹਰ ਭਾਵੀ ਤੋਂ ਬਾਅਦ ਪੰਜਾਬੀ ਜਾਗਦੇ ਰਹੇ ਨੇ ਅਤੇ ਆਸ ਹੈ ਕਿ ਹੁਣ ਵੀ ਜਾਗਣ-ਰੁੱਤ ਦੀ ਸਰਘੀ ਬਣਨਗੇ।

ਪੰਜਾਬ ਦੇ ਸਿਰ 'ਤੇ ਮੰਡਰਾਉਂਦੀ ਮੌਤ ਲਈ ਮਾਪੇ ਵੀ ਜਿੰਮੇਵਾਰ ਜਿਹੜੇ ਆਪਣੀਆਂ ਜਿੰਮੇਵਾਰੀਆਂ ਤੋਂ ਕੰਨੀਂ ਕਤਰਾ, ਪੈਸੇ, ਰੁੱਤਬੇ ਜਾਂ ਸ਼ੁਹਰਤ ਦੀ ਦੌੜ ਵਿਚ ਅਜੇਹੇ ਗੁਆਚੇ ਕਿ ਉਹਨਾਂ ਨੂੰ ਆਪਣੇ ਬੱਚਿਆਂ ਦੇ ਦੀਦਿਆਂ ਵਿਚ ਸੁੱਚੇ ਸੁਪਨੇ ਧਰਨ ਅਤੇ ਇਸਦੀ ਪੂਰਨਤਾ ਲਈ ਉਚੇਚ ਕਰਨਾ, ਯਾਦ ਹੀ ਨਹੀਂ ਰਿਹਾ। ਸੁਪਨਹੀਣਬੱਚਿਆਂ ਤੋਂ ਕਿਸੇ ਚੰਗੇਰੀ ਅਤੇ ਅਰਥ-ਭਰਪੂਰ ਆਸ ਦਾ ਰੱਖਣਾ ਬੇਥਵਾ ਹੁੰਦਾ। ਅਜੇਹਾ ਪੰਜਾਬ ਦੀ ਨੌਜ਼ਵਾਨ ਪੀੜ੍ਹੀ ਨਾਲ ਹੋ ਰਿਹਾ ਹੈ। ਪੰਜਾਬੀਓ! ਬੱਚਿਆਂ ਨੂੰ ਸੁਪਨੇ ਤਾਂ ਦਿੰਦੇ, ਕੁਝ ਉਚੇਚ ਕਰਦੇ, ਸੁਪਨੇ ਜਰੂਰ ਪੂਰੇ ਹੋਣੇ ਸੀ। ਫਿਰ ਪੰਜਾਬ ਸ਼ਾਇਦ ਅਜੇਹੀ ਤਰਾਸਦੀ ਵਿਚ ਨਾ ਜਾਂਦਾ। ਪਹਿਲੀ ਪੀੜ੍ਹੀ ਦੀ ਕਾਮਯਾਬੀ ਵਿਚ ਮਾਪਿਆਂ ਦੇ ਲਏ ਸੁਪਨੇ ਅਤੇ ਉਹਨਾਂ ਦੀ ਪੂਰਤੀ ਲਈ ਸੇਧ, ਸਿਰੜ ਅਤੇ ਸਾਧਨਾ ਹੀ ਮੂਲ ਮੰਤਰ ਸੀ।ਅਜੇਹਾ ਮੂਲ ਮੰਤਰ ਹਰ ਵਕਤ ਵਿਚ ਹੀ ਕਾਮਯਾਬ ਰਿਹਾ ਹੈ। ਇਸਨੂੰ ਹੁਣ ਵੀ ਅਪਣਾਅ ਲਿਆ ਜਾਵੇ ਤਾਂ ਪੰਜਾਬ ਮੁੜ ਲੀਹਾਂ 'ਤੇ ਆ ਸਕਦਾ ਹੈ।

ਕੋਈ ਤਾਂ ਰੋਂਦੇ ਪੰਜਾਬ ਨੂੰ ਵਰਾਵੇ।ਇਸਦੀਆਂ ਚੀਖ਼ਾਂ ਨੂੰ ਆਪਣੇ ਅੰਤਰੀਵ ਵਿਚ ਵਸਾਵੇ। ਇਸਦੀ ਹੋਣੀ ਨੂੰ ਮੱਥੇ ਤੋਂ ਮਿਟਾਵੇ। ਮਸਤਕ ਲਕੀਰਾਂ ਵਿਚ ਜਿਉਣ ਦਾ ਅਦਬ ਉਕਰਾਵੇ। ਕੋਈ ਤਾਂ ਇਸਦੀ ਜਵਾਨੀ ਨੂੰ ਜ਼ਜ਼ਬਾ, ਜ਼ਮੀਰ ਅਤੇ ਜ਼ਹਿਨੀਅਤ ਦਾ ਸਬਕ ਪੜਾਵੇ ਤਾਂ ਕਿ ਇਹ ਅਰਥਹੀਣ ਹੋ ਆਪਣੇ ਜ਼ਿੰਦਗੀ ਨੂੰ ਅਜਾਈਂ ਨਾ ਗਵਾਵੇ।ਕੋਈ ਤਾਂ ਪਾਣੀਆਂ ਦੀ ਫਰਿਆਦ ਸੁਣੇ। ਪੌਣ ਵਿਚ ਧੜਕਦੀ ਮਰਨਹਾਰੀ ਹੂਕ ਨੂੰ ਸਾਹ ਤੰਦੀ 'ਤੇ ਉਣੇ। ਖੇਤਾਂ ਵਿਚ ਉਗਦੀਆਂ ਖੁਦਕੁਸ਼ੀਆਂ ਨੂੰ ਜਿਉਣ ਦਾ ਵੱਲ ਸਿਖਾਵੇ। ਖੇਤਾਂ ਵਿਚ ਉਗਲਦੀਆਂ ਜ਼ਹਿਰਾਂ ਨੂੰ ਅੰਮ੍ਰਿਤ ਦਾ ਵਰ ਦੇ ਜਾਵੇ। ਕੋਈ ਤਾਂ ਇਸਦੀ ਸਦੀਵਤਾ ਵਿਚੋਂ ਹੀ ਆਪਣੀ ਸਦੀਵੀ ਹੋਂਦ ਦਾ ਕਿਆਸ ਕਰੇ। ਇਸਦੀ ਸਿਹਤਯਾਬੀ ਅਤੇ ਸੁੱਧ-ਸੁਪਨਤਾ ਦੀ ਆਸ ਕਰੇ। ਇਸਦੇ ਖਾਲੀ ਠੂਠੇ ਵਿਚ ਜਿਉਣ ਦਾ ਅਦਬ, ਅੰਦਾਜ਼ ਅਤੇ ਅਰਥ-ਭਾਵ ਭਰੇ ਤਾਂ ਕਿ ਇਸਦੀ ਇਤਿਹਾਸਕ ਪ੍ਰਮਾਣਤਾ, ਵਕਤ ਦੇ ਸ਼ਰਫ਼ ਦਾ ਵਰਕਾ ਬਣੇ।

# ਵਿਚਾਰ ਆਪੋ ਆਪਣਾ: ਜਜ਼ਬਿਆਂ ਦੀ ਸਿਆਸਤ ਤੇ ਪੁਲਵਾਮਾ

-ਅਮਨਦੀਪ ਸਿੰਘ ਸੇਖੋਂ-



ਸਾਲ 2002 ਵਿਚ ਜਦੋਂ ਗੁਜਰਾਤ ਵਿਚ ਚੋਣਾਂ ਹੋਣ ਵਾਲੀਆਂ ਸਨ ਤਾਂ ਗੋਧਰਾ ਦੇ ਰੇਲਵੇ ਸਟੇਸ਼ਨ 'ਤੇ ਦੁਖਦਾਈ ਘਟਨਾ ਵਾਪਰੀ। ਇਸ ਵਿਚ ਇਕ ਧਰਮ ਦੇ ਹਜ਼ਾਰਾਂ ਬੇਗੁਨਾਹ ਵਿਅਕਤੀ ਤੇ ਬੱਚੇ ਭੀੜ ਦੀ ਦਰਿੰਦਗੀ ਦਾ ਸ਼ਿਕਾਰ ਹੋਏ। ਅੱਜ ਕੱਲ੍ਹ 2019 ਹੈ ਅਤੇ ਗੋਧਰਾ ਨਹੀਂ, ਪੁਲਵਾਮਾ ਹੈ। ਉਹੀ ਲਾਸ਼ਾਂ ਨੇ ਤੇ ਉਹੀ ਸਿਆਸਤ ਹੈ। ਖ਼ੂਨ ਅਤੇ ਹੰਝੂ ਭੁੱਲੇ ਨਹੀਂ ਜਾਣੇ ਚਾਹੀਦੇ, ਪਰ ਇਸ਼ਤਿਹਾਰ ਵਾਂਗ ਵਰਤੇ ਵੀ ਨਹੀਂ ਜਾਣੇ ਚਾਹੀਦੇ। ਰਾਜਨੀਤੀ ਅੱਜ ਦੁਕਾਨ ਬਣ ਗਈ ਹੈ ਅਤੇ ਆਪਣਾ ਗੱਲਾ ਵੋਟਾਂ ਨਾਲ ਭਰਨ ਲਈ ਰਾਸ਼ਟਰਵਾਦ ਨੂੰ ਵਿਕਾਊ ਮਾਲ ਵਾਂਗ ਵੇਚਿਆ ਜਾ ਰਿਹਾ ਹੈ। ਖ਼ੂਨ ਡੁੱਲ੍ਹਿਆ ਹੈ ਤਾਂ ਖ਼ੂਨ ਖੌਲੇਗਾ ਵੀ, ਪਰ ਹੋਰ ਖ਼ੂਨ ਵਹਾਉਣ ਤੋਂ ਪਹਿਲਾਂ ਜ਼ਰਾ ਰੁਕੋ ਅਤੇ ਉਨ੍ਹਾਂ ਮੌਕਿਆਂ ਨੂੰ ਯਾਦ ਕਰੋ, ਜਦੋਂ ਇਸ ਤੋਂ ਪਹਿਲਾਂ ਇਸੇ ਤਰ੍ਹਾਂ ਖ਼ੂਨ ਨੂੰ ਦੇਖ ਕੇ ਸਾਡਾ ਖ਼ੂਨ ਖੌਲਿਆ ਸੀ। ਇਹ ਸੋਚੋ ਕਿ ਜੇ ਅਸੀਂ ਓਦੋਂ ਕੁਝ ਸਿੱਖਿਆ ਸੀ ਤਾਂ ਇਹ ਦੁਬਾਰਾ ਕਿਉਂ ਹੋਇਆ। ਜੋ ਕੁਤਾਹੀਆਂ ਉਸ ਵੇਲੇ ਹੋਈਆਂ ਸਨ, ਉਹ ਦੋਹਰਾਈਆਂ ਕਿਉਂ ਗਈਆਂ ਹਨ? ਗੋਧਰਾ ਤੇ ਪੁਲਵਾਮਾ ਚੋਣਾਂ ਦੇ ਮੌਸਮ ਵਿਚ ਹੀ ਕਿਉਂ ਵਾਪਰਦੇ ਹਨ? ਕਿਸੇ ਦੇਸ਼ ਧ੍ਰੋਹੀ ਖਿਲਾਫ ਫੇਸਬੁੱਕ ਉਤੇ ਜੰਗ ਲੜਨ ਨਾਲੋਂ ਜੇ ਕੁਝ ਸਵਾਲ ਆਪਣੀ ਸਰਕਾਰ ਨੂੰ ਪੁੱਛ ਲਏ ਜਾਂਦੇ ਤਾਂ ਸ਼ਾਇਦ ਉੜੀ ਤੋਂ ਬਾਅਦ ਪੁਲਵਾਮਾ ਨਾ ਵਾਪਰਦਾ। ਆਪਣੀ ਸੁਰੱਖਿਆ ਮਜ਼ਬੂਤ ਕਰਨ ਨਾਲੋਂ ਗੁਆਂਢੀ ਦੇ ਘਰ ਅੰਗਿਆਰ ਸੁੱਟਣਾ ਵੱਧ ਮਾਅਰਕੇ ਵਾਲਾ ਕੰਮ ਹੈ ਅਤੇ ਮੌਜੂਦਾ ਸਿਆਸਤ ਨੂੰ ਚੁੱਪਚਾਪ ਕੋਈ ਅਸਰਦਾਰ ਕੰਮ ਕਰਨ ਨਾਲੋਂ ਧਮਾਕੇਦਾਰ ਕੰਮ ਕਰਨੇ ਵੱਧ ਪਸੰਦ ਹਨ। ਉੜੀ ਦਾ ਬਦਲਾ ਸਰਜੀਕਲ ਸਟਰਾਈਕਸ, ਸਰਕਾਰ ਵੱਲੋਂ ਆਪਣੀ ਵਾਹ-ਵਾਹੀ, ਇਥੋਂ ਤੱਕ ਕਿ ਫਿਲਮ ਨਿਰਮਾਣ। ਕੀ ਇਸ ਸਭ ਨੇ ਅੱਤਵਾਦੀਆਂ ਨੂੰ ਕੁਝ ਭਿਆਨਕ ਕਰਨ ਲਈ ਉਕਸਾਇਆ ਨਹੀਂ ਹੋਵੇਗਾ?

ਅੱਜ ਦੇਸ਼ ਵਿੱਚ ਕਈ ਜਗ੍ਹਾ ਕਸ਼ਮੀਰੀ ਮੁਸਲਮਾਨ ਵਿਦਿਆਰਥੀਆਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਜਿਸ ਅੱਤਵਾਦੀ ਨੇ ਪੁਲਵਾਮਾ ਦੀ ਘਟਨਾ ਕੀਤੀ, ਉਹ ਕਸ਼ਮੀਰੀ ਮੁਸਲਮਾਨ ਸੀ। ਕੀ ਪਤਾ ਉਸ ਨੂੰ ਵੀ ਕਦੇ ਕਿਸੇ ਭੀੜ ਨੇ ਇਸੇ ਤਰ੍ਹਾਂ ਡਰਾਇਆ-ਧਮਕਾਇਆ ਹੋਵੇ? ਜਦੋਂ ਵੀ ਕਦੇ ਆਮ ਨਾਗਰਿਕ ਬੰਦੂਕਧਾਰੀ ਬਾਗੀਆਂ ਅਤੇ ਅੱਤਵਾਦੀਆਂ, ਫੌਜੀਆਂ ਅਤੇ ਪੁਲਸ ਕਰਮੀਆਂ ਦੀ ਭੇੜ ਵਿੱਚ ਫਸਦੇ ਹਨ ਤਾਂ ਦੋਵਾਂ ਧਿਰਾਂ ਵੱਲੋਂ ਅੱਤਿਆਚਾਰਾਂ ਦਾ ਸ਼ਿਕਾਰ ਬਣਦੇ ਹਨ। ਸਾਡੀ ਫੌਜ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਦੇਸ਼ ਦੇ ਦੁਸ਼ਮਣਾਂ ਨੂੰ ਮਾਰਨ ਦੀ, ਬਿਨਾਂ ਸੋਚੇ ਅਤੇ ਬਿਨਾਂ ਰਹਿਮ ਕੀਤੇ, ਪਰ ਉਨ੍ਹਾਂ ਨੂੰ ਭੇਜ ਦਿੱਤਾ ਜਾਂਦਾ ਹੈ ਆਪਣੇ ਹੀ ਦੇਸ਼ ਦੇ ਨਾਗਰਿਕਾਂ ਦਾ ਮੁਕਾਬਲਾ ਕਰਨ ਲਈ? ਜਦੋਂ ਲੋਕਾਂ ਦੀਆਂ ਜਾਇਜ਼ ਆਰਥਿਕ ਤੇ ਲੋਕਤੰਤਰੀ ਮੰਗਾਂ ਨੂੰ ਸਮੇਂ ਦੀਆਂ ਸਰਕਾਰਾਂ ਅੱਖੋਂ-ਪਰੋਖੇ ਕਰਦੀਆਂ ਹਨ ਤਾਂ ਕਈ ਵਾਰ ਲੋਕ ਧਰਮ ਤੇ ਭਾਸ਼ਾ ਵਰਗੀਆਂ ਫੁੱਟ ਪਾਊ ਲਾਮਬੰਦੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਆਜ਼ਾਦੀ ਤੋਂ ਪਹਿਲਾਂ ਕਸ਼ਮੀਰੀ ਮੁਸਲਮਾਨ ਸ਼ੇਖ ਅਬਦੁੱਲਾ ਕਾਂਗਰਸ ਦਾ ਸਮਰਥਕ ਸੀ। ਆਪਣੇ ਹਿੰਦੂ ਰਾਜੇ ਤੇ ਉਸ ਦੇ ਜਗੀਰੂ ਟੋਲੇ ਨਾਲ ਉਸ ਦੀ ਲੜਾਈ ਸੀ। ਕਸ਼ਮੀਰ ਦੀ ਬਹੁ-ਚਰਚਿਤ ਧਾਰਾ 370 ਕਸ਼ਮੀਰ ਦੇ ਉਸੇ ਹਿੰਦੂ ਰਾਜੇ ਹਰੀ ਸਿੰਘ ਨੇ ਜਵਾਹਰ ਲਾਲ ਨਹਿਰੂ ਅਤੇ ਮਾਊਂਟਬੈਟਨ ਤੋਂ ਅੜ ਕੇ ਹਾਸਲ ਕੀਤੀ ਸੀ। ਇਸੇ ਦੇ ਆਧਾਰ 'ਤੇ ਕਸ਼ਮੀਰ ਭਾਰਤ ਦਾ ਹਿਸਾ ਬਣਿਆ ਸੀ। ਆਜ਼ਾਦੀ ਤੋਂ ਪਿੱਛੋਂ ਜਦੋਂ ਸ਼ੇਖ ਅਬਦੁੱਲਾ ਨੇ ਜਗੀਰਦਾਰਾਂ ਦੀਆਂ ਜਗੀਰਾਂ (ਜੋ ਬਹੁਤੇ ਹਿੰਦੂ ਸਨ) ਕਿਸਾਨਾਂ (ਜੋ ਬਹੁਤੇ ਮੁਸਲਮਾਨ ਸਨ) ਨੂੰ ਦੇਣ ਦਾ ਕਾਨੂੰਨ ਪਾਸ ਕੀਤਾ ਤਾਂ ਨਹਿਰੂ ਉਸ ਦੇ ਖਿਲਾਫ ਹੋ ਗਿਆ ਅਤੇ ਉਸ ਨੂੰ ਬੰਦੀ ਬਣਾ ਲਿਆ, ਪਰ ਧਾਰਾ 370 ਕਰਕੇ ਕੇਂਦਰ ਸਰਕਾਰ ਇਸ ਕਾਨੂੰਨ ਨੂੰ ਭੰਗ ਨਾ ਕਰ ਸਕੀ। ਕਸ਼ਮੀਰ ਵਿੱਚ ਅੱਤਵਾਦ ਦੀ ਸ਼ੁਰੂਆਤ 1986 ਵਿੱਚ ਓਦੋਂ ਹੋਈ, ਜਦੋਂ ਮੌਕੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਨੈਸ਼ਨਲ ਕਾਨਫਰੰਸ ਨਾਲ ਮਿਲ ਕੇ ਚੋਣਾਂ ਵਿੱਚ ਬੇਸ਼ਰਮੀ ਨਾਲ ਧਾਂਦਲੀ ਕੀਤੀ ਤੇ ਲੋਕਾਂ ਨੂੰ ਲੋਕਤੰਤਰੀ ਢੰਗ ਨਾਲ ਆਪਣੀ ਸਰਕਾਰ ਚੁਣਨ ਦਾ ਮੌਕਾ ਨਹੀਂ ਸੀ ਦਿੱਤਾ।

ਕੀ ਕਿਸੇ ਕੌਮ ਲਈ ਆਪਣੇ ਵੱਖਰੇ ਧਰਮ, ਭਾਸ਼ਾ ਤੇ ਸੱਭਿਆਚਾਰ ਦੇ ਆਧਾਰ 'ਤੇ ਆਪਣੇ ਖਿੱਤੇ ਨੂੰ ਦੇਸ਼ ਤੋਂ ਵੱਖ ਕਰਨ ਦੀ ਮੰਗ ਕਰਨਾ ਜਾਇਜ਼ ਹੈ? ਲੋਕ ਅਕਸਰ ਕਹਿੰਦੇ ਹਨ ਕਿ ਲੋਕਤੰਤਰ ਦੀ ਇਹੀ ਮੰਗ ਹੈ, ਪਰ ਉਹ ਭੁੱਲ ਜਾਂਦੇ ਹਨ ਕਿ ਜ਼ਮੀਨ ਦਾ ਇਕ ਟੁਕੜਾ ਅੱਡ ਕਰ ਦੇਣ ਨਾਲ ਉਸ ਸਮੁੱਚੇ ਦੇਸ਼ ਦੇ ਅਰਥਚਾਰੇ ਉਤੇ ਕੀ ਪ੍ਰਭਾਵ ਪਵੇਗਾ? ਉਤਰੀ ਭਾਰਤੀ ਲੋਕਾਂ ਦੇ ਜੀਵਨ ਤੇ ਅਰਥਚਾਰੇ ਦਾ ਆਧਾਰ ਉਹ ਨਦੀਆਂ ਹਨ, ਜੋ ਕਸ਼ਮੀਰ ਤੋਂ ਨਿਕਲਦੀਆਂ ਹਨ। ਪਾਕਿਸਤਾਨ ਤੇ ਚੀਨ ਦੀ ਕਸ਼ਮੀਰ ਵਿੱਚ ਦਿਲਚਸਪੀ ਇਸੇ ਕਾਰਨ ਹੈ। ਕੀ ਭਾਰਤ ਤੋਂ ਅਲੱਗ ਹੋ ਕੇ ਕਸ਼ਮੀਰ ਆਜ਼ਾਦ ਰਹਿ ਸਕੇਗਾ? ਦੇਸ਼ ਭਾਸ਼ਾ, ਧਰਮ ਤੇ ਲੋਕਾਂ ਨਾਲ ਹੀ ਨਹੀਂ ਬਣਦਾ, ਉਸ ਜ਼ਮੀਨ ਅਤੇ ਉਸ ਦੇ ਕੁਦਰਤੀ ਸੋਮਿਆਂ ਨਾਲ ਵੀ ਬਣਦਾ ਹੈ, ਜਿਸ ਉਤੇ ਮਨੁੱਖ ਵੱਸਦੇ ਹਨ। ਆਪਣੇ ਖਿੱਤੇ ਦੇ ਕੁਦਰਤੀ ਵਰਤਾਰੇ ਨੂੰ ਰਾਜਨੀਤਕ ਵੰਡੀਆਂ ਰਾਹੀਂ ਤਬਾਹ ਕਰਨ ਮਗਰੋਂ ਪੱਲੇ ਪਛਤਾਵਾ ਹੀ ਪੈਂਦਾ ਹੈ। ਕੀ ਕਸ਼ਮੀਰ ਦੇ ਲੋਕਾਂ ਦੇ ਆਤਮ ਨਿਰਣੇ ਦਾ ਅਧਿਕਾਰ ਇਸ ਦੇਸ਼ ਦੇ ਹੋਰ ਕਰੋੜਾਂ ਹੀ ਲੋਕਾਂ ਦੀ ਜੀਵਕਾ ਦੇ ਅਧਿਕਾਰ ਨਾਲੋਂ ਵੱਡਾ ਹੈ?

ਇਹ ਧਰਤੀ, ਮਿੱਟੀ, ਹਵਾ ਅਤੇ ਪਾਣੀ ਸਾਡੇ ਦੇਸ਼ ਦੀ ਸਾਂਝੀ ਸੰਪਦਾ ਹਨ। ਕੋਈ ਹੋਰ ਬਾਹਰੋਂ ਆ ਕੇ ਇਨ੍ਹਾਂ ਉਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇ ਜਾਂ ਖਰਾਬ ਕਰੇ ਤਾਂ ਅਸੀਂ ਇਹ ਕਦੇ ਬਰਦਾਸ਼ਤ ਨਹੀਂ ਕਰਦੇ, ਪਰ ਜਦੋਂ ਸਾਡੇ ਚੁਣੇ ਹੋਏ ਨੁਮਾਇੰਦੇ ਹੀ ਸਾਡੇ ਦੇਸ਼ ਦੀ ਸੰਪਦਾ ਨੂੰ ਦੇਸੀ ਤੇ ਵਿਦੇਸ਼ੀ ਧਨਾਢਾਂ ਨੂੰ ਲੁਟਾ ਰਹੇ ਹੋਣ ਤਾਂ ਸਾਡਾ ਕੀ ਫਰਜ਼ ਹੈ? ਵੇਦਾਂਤਾ, ਅਡਾਨੀ ਅਤੇ ਅੰਬਾਨੀ ਦੀਆਂ ਕੰਪਨੀਆਂ ਝਾਰਖੰਡ ਅਤੇ ਛੱਤੀਸਗੜ੍ਹ ਦੇ ਕੁਦਰਤੀ ਸੋਮਿਆਂ ਨੂੰ ਕਿਵੇਂ ਲੁੱਟ ਰਹੀਆਂ ਹਨ, ਇਹ ਕਿਸੇ ਤੋਂ ਲੁਕਿਆ ਨਹੀਂ ਹੋਇਆ।

ਜੋ ਭੀੜਾਂ ਅੱਜ ਕਸ਼ਮੀਰੀ ਮੁਸਲਮਾਨ ਵਿਦਿਆਰਥੀਆਂ ਵਿੱਚ ਆਪਣਾ ਦੁਸ਼ਮਣ ਮੰਨਦੀਆਂ ਹਨ ਜਾਂ ਉਹ ਕਸ਼ਮੀਰੀ ਨੌਜਵਾਨ, ਜੋ ਭਾਰਤ ਦੇ ਆਮ ਪਰਵਾਰ ਵਿੱਚੋਂ ਭਰਤੀ ਹੋ ਕੇ ਆਏ ਫੌਜੀ ਨੂੰ ਆਪਣਾ ਦੁਸ਼ਮਣ ਮੰਨਦਾ ਹੈ ਜਾਂ ਉਹ ਫੌਜੀ, ਜਿਸ ਨੂੰ ਹਰ ਕਸ਼ਮੀਰੀ ਵਿੱਚ ਅੱਤਵਾਦੀ ਨਜ਼ਰ ਆਉਂਦਾ ਹੈ, ਜ਼ਰਾ ਅੱਖਾਂ ਖੋਲ੍ਹ ਕੇ ਆਪਣੇ ਆਸ ਪਾਸ ਦੇਖਣ ਤਾਂ ਇਨ੍ਹਾਂ ਨੂੰ ਅਸਲੀ ਅੱਤਵਾਦੀ ਨਜ਼ਰ ਆ ਜਾਣਗੇ। ਉਹ ਅੱਤਵਾਦੀ, ਜੋ ਬੰਬ ਜਾਂ ਗੋਲੀ ਨਾਲ ਇਕੋ ਝਟਕੇ ਵਿੱਚ ਕਿਸੇ ਉਸ ਵਿਅਕਤੀ ਨੂੰ ਨਹੀਂ ਮਾਰ ਦਿੰਦੇ ਜਿਸ ਨੂੰ ਉਨ੍ਹਾਂ ਨੇ ਆਪਣਾ ਦੁਸ਼ਮਣ ਚਿਤਵ ਲਿਆ ਹੈ, ਬਲਕਿ ਕਰੋੜਾਂ ਲੋਕਾਂ ਨੂੰ ਜਿਨ੍ਹਾਂ ਨਾਲ ਉਨ੍ਹਾਂ ਦੀ ਕੋਈ ਦੁਸ਼ਮਣੀ ਨਹੀਂ, ਤਿਲ-ਤਿਲ ਮਾਰ ਰਹੇ ਹਨ ਤਾਂ ਕਿ ਉਨ੍ਹਾਂ ਦਾ ਆਪਣਾ ਮੁਨਾਫਾ ਕਾਇਮ ਰਹੇ। ਖਤਰਾ ਸਾਡੀਆਂ ਭਾਸ਼ਾਵਾਂ, ਧਰਮਾਂ ਤੇ ਸੱਭਿਆਚਾਰਾਂ ਨੂੰ ਨਹੀਂ, ਸਾਡੀਆਂ ਨਦੀਆਂ, ਫਸਲਾਂ, ਹਵਾ ਅਤੇ ਪਾਣੀ ਨੂੰ ਹੈ। ਕੀ ਕੋਈ ਅਜਿਹਾ ਲੋਕਤੰਤਰ ਹੈ, ਜੋ ਸਾਨੂੰ ਆਪਣੇ ਰੁਜ਼ਗਾਰ, ਸਿਹਤ ਅਤੇ ਜ਼ਿੰਦਗੀ ਬਾਰੇ ਆਤਮ ਨਿਰਣੇ ਦਾ ਅਧਿਕਾਰ ਦੇ ਸਕੇ। ਜੇ ਅਜਿਹਾ ਲੋਕਤੰਤਰ ਅਸੀਂ ਆਪਣੇ ਦੇਸ਼ ਵਿੱਚ ਪੈਦਾ ਕਰ ਸਕੀਏ ਤਾਂ ਸ਼ਾਇਦ ਧਰਮ, ਭਾਸ਼ਾ ਅਤੇ ਸੱਭਿਆਚਾਰ ਦੇ ਨਾਂ ਉਤੇ ਸਮੇਂ-ਸਮੇਂ ਉਤੇ ਪੈਦਾ ਹੋਣ ਵਾਲੀਆਂ ਵੱਖਵਾਦੀ ਲਹਿਰਾਂ ਨੂੰ ਠੱਲ੍ਹ ਪੈ ਸਕੇ ਅਤੇ ਪੁਲਵਾਮਾ ਵਰਗੇ ਹਾਦਸੇ ਨਾ ਵਾਪਰਨ।

## ਹਲਕਾ ਫੁਲਕਾ

ਅਜੈ, ''ਪਤਨੀ ਤੋਂ ਜ਼ਿਆਦਾ ਮੈਨੂੰ ਉਸ ਦੇ ਕੱਪੜੇ ਇੱਜ਼ਤ ਦਿੰਦੇ ਹਨ।''

ਵਿਜੇ, ''ਉਹ ਕਿਵੇਂ?''

ਅਜੈ, ''ਜਦੋਂ ਵੀ ਅਲਮਾਰੀ ਖੋਲ੍ਹਦਾ ਹਾਂ, 2-3 ਸੂਟ ਪੈਰਾਂ 'ਤੇ ਡਿੱਗ ਪੈਂਦੇ ਹਨ।''

*********

ਸੋਨੂੰ, ''ਇਹ ਵਿਆਹ ਦੇ ਜੋੜੇ ਕੌਣ ਬਣਾਉਂਦਾ ਹੈ?''

ਸੰਜੂ, ''ਰੱਬ ਬਣਾਉਂਦਾ ਹੈ।''

ਸੋਨੂੰ,''ਓ ਤੇਰੀ! ਫਿਰ ਤਾਂ ਗੜਬੜ ਹੋ ਗਈ।''

ਸੰਜੂ, ''ਕੀ ਗੱਲ ਹੋਈ?''

ਸੋਨੂੰ, ''ਮੈਂ ਤਾਂ ਕੋਨੇ ਵਾਲੇ ਟੇਲਰ ਨੂੰ ਫੜਾ ਆਇਆਂ।''

*********

ਕੋਰਟ ਵਿੱਚ ਜੱਜ ਨੇ ਹੁਕਮ ਦਿੱਤਾ, ''ਤੈਨੂੰ ਆਪਣੀ ਅੱਧੀ ਤਨਖਾਹ ਪਤਨੀ ਨੂੰ ਦੇਣੀ ਪਵੇਗੀ।''

ਪਤੀ (ਖੁਸ਼ ਹੁੰਦਾ ਹੋਇਆ), ''ਚਲੋ ਚੰਗਾ ਹੈ, ਘੱਟੋ-ਘੱਟ ਅੱਧੀ ਤਨਖਾਹ ਤਾਂ ਮੇਰੇ ਕੋਲ ਰਹੇਗੀ।''


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਇਤਿਹਾਸਕ ਫੈਸਲੇ ਦੇ ਪੜਾਅ ਉੱਤੇ ਪਾਕਿਸਤਾਨ, ਕਿ ਫੌਜ ਨੂੰ ਨੱਥ ਪਾਉਣੀ ਹੈ ਜਾਂ ਨਹੀਂ



ਜਤਿੰਦਰ ਪੰਨੂ

ਕੌਮਾਂ ਦੀ ਲੀਡਰਸ਼ਿਪ ਦੇ ਕੋਲ ਕਈ ਵਾਰ ਇਹੋ ਜਿਹੇ ਮੌਕੇ ਆ ਜਾਂਦੇ ਹਨ, ਜਦੋਂ ਉਨ੍ਹਾਂ ਦੇ ਸਿਰ ਇਤਿਹਾਸਕ ਭੁੱਲਾਂ ਅਤੇ ਕੁਰਾਹਿਆਂ ਨੂੰ ਸੁਧਾਰਨ ਦੀ ਜ਼ਿਮੇਵਾਰੀ ਸਮਝੀ ਜਾਂਦੀ ਹੈ। ਇਹੋ ਜਿਹੇ ਆਗੂ ਬੜੇ ਥੋੜ੍ਹੇ ਹੁੰਦੇ ਹਨ, ਜਿਹੜੇ ਆਪਣੀ ਇਸ ਜ਼ਿਮੇਵਾਰੀ ਦਾ ਅਹਿਸਾਸ ਕਰਦੇ ਅਤੇ ਕੁਝ ਕਰਨ ਲਈ ਹੌਸਲਾ ਵਿਖਾਉਂਦੇ ਹਨ। ਪਾਕਿ-ਸਤਾਨ ਦੇ ਅੱਜ ਵਾਲੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਿਰ ਵੀ ਏਦਾਂ ਦੀ ਜ਼ਿਮੇਵਾਰੀ ਆਣ ਪਈ ਹੈ। ਉਹ ਕ੍ਰਿਕਟ ਦਾ ਖਿਡਾਰੀ ਰਿਹਾ ਹੈ ਤੇ ਉਸ ਦੀ ਖੇਡ ਦੀ ਧੁੰਮ ਸੰਸਾਰ ਭਰ ਵਿੱਚ ਪੈਂਦੀ ਹੁੰਦੀ ਸੀ, ਪਰ ਰਾਜਨੀਤੀ ਕ੍ਰਿਕਟ ਨਹੀਂ। ਉਹ ਹਾਲੇ ਤੱਕ ਇਸ ਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਆਪਣੇ ਆਪ ਸੋਚ ਕੇ ਰਾਜਨੀਤੀ ਦੀ ਪਿੱਚ ਉੱਤੇ ਬੈਟਿੰਗ ਕਰਨ ਦੇ ਲਾਇਕ ਹੋਣ ਦੀ ਕੋਈ ਝਲਕ ਨਹੀਂ ਵਿਖਾ ਸਕਿਆ। ਸਾਫ ਦਿਖਾਈ ਦੇਂਦਾ ਹੈ ਕਿ ਸਾਰੀ ਖੇਡ ਦੀ ਕਮਾਂਡ ਅੱਜ ਵੀ ਫੌਜੀ ਕਮਾਂਡਰਾਂ ਦੇ ਕੋਲ ਹੈ। ਇਹ ਗੱਲ ਉਹੋ ਤੈਅ ਕਰਦੇ ਹਨ ਕਿ ਪ੍ਰਧਾਨ ਮੰਤਰੀ ਅਗਲਾ ਕਦਮ ਫਲਾਣਾ ਚੁੱਕੇਗਾ ਤੇ ਫਲਾਣਾ ਕਦਮ ਨਹੀਂ ਚੁੱਕੇਗਾ।

ਪਾਕਿਸਤਾਨ ਨਾਂਅ ਦਾ ਵੱਖਰਾ ਦੇਸ਼ ਬਣਨ ਦੀ ਘੜੀ ਤੋਂ ਹੀ ਇਸ ਦੀ ਗੱਡੀ ਗਲਤ ਲੀਹ ਉੱਤੇ ਚੱਲ ਪਈ ਸੀ ਤੇ ਫਿਰ ਕਦੀ ਸਿੱਧੇ ਰਾਹ ਨਹੀਂ ਆ ਸਕੀ। ਚੁਣੇ ਹੋਏ ਆਗੂ ਓਥੋਂ ਦੀ ਫੌਜ ਨੂੰ ਚੰਗੇ ਨਹੀਂ ਲੱਗਦੇ ਅਤੇ ਉਹ ਤਖਤੇ ਪਲਟ ਕੇ ਆਪ ਖੁਦ ਰਾਜ ਕਰਨ ਦਾ ਚਸਕਾ ਲਾ ਚੁੱਕੀ ਹੈ। ਜਦੋਂ ਕਦੀ ਚੁਣੀ ਹੋਈ ਸਰਕਾਰ ਚੱਲਦੀ ਵੀ ਹੈ ਤਾਂ ਉਹ ਓਨੇ ਕਦਮ ਹੀ ਚੱਲ ਸਕਦੀ ਹੈ, ਜਿੰਨੇ ਫੌਜਾਂ ਦੇ ਕਮਾਂਡਰ ਤੈਅ ਕਰਦੇ ਹਨ ਤੇ ਜਦੋਂ ਇਸ ਬੇਹੂਦਾ ਰਿਵਾਇਤ ਨੂੰ ਤੋੜਨ ਦਾ ਕਿਸੇ ਨੇ ਵੀ ਯਤਨ ਕੀਤਾ, ਉਹ ਜ਼ੁਲਫਕਾਰ ਅਲੀ ਭੁੱਟੋ ਜਾਂ ਨਵਾਜ਼ ਸ਼ਰੀਫ ਜਾਂ ਕੋਈ ਵੀ ਹੋਵੇ, ਉਸ ਨੂੰ ਕੁਰਸੀ ਤੋਂ ਉਠਾ ਕੇ ਜੇਲ੍ਹ ਵੱਲ ਤੋਰਨ ਵਿੱਚ ਫੌਜ ਨੇ ਢਿੱਲ ਨਹੀਂ ਵਿਖਾਈ। ਕਾਰਗਿਲ ਦੀ ਜੰਗ ਪਿੱਛੋਂ ਜੋ ਹੋਇਆ, ਉਸ ਦੀ ਚਰਚਾ ਕਈ ਦਿਨ ਅਗੇਤੀ ਚੱਲ ਪਈ ਸੀ, ਪਰ ਨਵਾਜ਼ ਸ਼ਰੀਫ ਇਸ ਵਹਿਮ ਵਿੱਚ ਸੀ ਕਿ ਫੌਜ ਦੇ ਕੁਝ ਅਫਸਰ ਸਰਕਾਰ ਦੀ ਵਫਾ ਪਾਲਣ ਨੂੰ ਤਿਆਰ ਸਨ। ਸ੍ਰੀਲੰਕਾ ਦੌਰੇ ਉੱਤੇ ਗਏ ਹੋਏ ਜਨਰਲ ਮੁਸ਼ੱਰਫ ਨੂੰ ਬਰਖਾਸਤ ਕਰ ਕੇ ਜਦੋਂ ਉਨ੍ਹਾਂ ਵਫਦਾਰ ਜਰਨੈਲਾਂ ਵਿੱਚੋਂ ਇੱਕ ਨੂੰ ਕਮਾਂਡ ਦਿੱਤੀ ਤਾਂ ਸਾਰੀ ਫੌਜੀ ਕਮਾਂਡ ਉਨ੍ਹਾਂ ਵਫਾਦਾਰਾਂ ਦੀ ਥਾਂ ਜਨਰਲ ਮੁਸ਼ੱਰਫ ਨਾਲ ਸਿਰਫ ਇਸ ਲਈ ਲਾਮਬੰਦ ਹੋ ਗਈ ਸੀ ਕਿ ਗੱਲ ਮੁਸ਼ੱਰਫ ਦੀ ਨਹੀਂ, ਸਿਆਸੀ ਲੀਡਰਸ਼ਿਪ ਅਤੇ ਫੌਜ ਵਿੱਚੋਂ ਕਿਸੇ ਇੱਕ ਦੀ ਸਰਦਾਰੀ ਰੱਖਣ ਅਤੇ ਦੂਸਰੇ ਨੂੰ ਅਧੀਨਗੀ ਮਨਾਉਣ ਦੀ ਹੈ। ਫਿਰ ਨਵਾਜ਼ ਸ਼ਰੀਫ ਨੂੰ ਕੁਰਸੀ ਤੋਂ ਉਠਾ ਕੇ ਪਹਿਲਾਂ ਜੇਲ੍ਹ ਵਿੱਚ ਤਾੜਿਆ ਤੇ ਉਸ ਦੇ ਬਾਅਦ ਦਸ ਸਾਲਾਂ ਦੀ ਲੰਮੀ ਜਲਾਵਤਨੀ ਲਈ ਖਾੜੀ ਦੇ ਇੱਕ ਦੇਸ਼ ਵਿੱਚ ਪੁਚਾ ਦਿੱਤਾ ਗਿਆ ਸੀ।

ਨਵਾਜ਼ ਸ਼ਰੀਫ ਭ੍ਰਿਸ਼ਟਾਚਾਰੀ ਹੈ, ਫਿਰ ਵੀ ਸਿਰੜੀ ਹੈ ਤੇ ਇੱਕ ਵਾਰ ਫਿਰ ਉਸ ਦੇਸ਼ ਦਾ ਪ੍ਰਧਾਨ ਮੰਤਰੀ ਬਣ ਕੇ ਸਾਹਮਣੇ ਆ ਗਿਆ ਸੀ। ਦੋਬਾਰਾ ਉਹ ਅੱਗੇ ਆਇਆ ਤਾਂ ਉਸ ਦੇ ਖਿਲਾਫ ਫੌਜੀ ਇਸ਼ਾਰੇ ਉੱਤੇ ਦੋ ਵੱਡੇ ਮੋਰਚੇ ਲਾਉਣ ਦਾ ਕੰਮ ਇੱਕੋ ਵੇਲੇ ਇੱਕ ਪਾਸਿਓਂ ਇਮਰਾਨ ਖਾਨ ਨੇ ਆਰੰਭ ਕੀਤਾ ਅਤੇ ਦੂਸਰੇ ਪਾਸੇ ਕੈਨੇਡਾ ਦਾ ਸਿਟੀਜ਼ਨ ਬਣ ਚੁੱਕੇ ਪਾਕਿਸਤਾਨੀ ਮੂਲ ਦੇ ਧਾਰਮਿਕ ਆਗੂ ਤਾਹਿਰ ਉਲ ਕਾਦਰੀ ਨੇ ਏਥੇ ਆ ਕੇ ਭੀੜ ਜੋੜੀ ਤੇ ਧਰਨਾ ਲਾ ਬੈਠਾ। ਕਈ ਦਿਨ ਇਹੋ ਜਿਹਾ ਤਮਾਸ਼ਾ ਹੁੰਦਾ ਰਿਹਾ ਤੇ ਓਦੋਂ ਹੀ ਖਤਮ ਹੋ ਸਕਿਆ ਸੀ, ਜਦੋਂ ਨਵਾਜ਼ ਸ਼ਰੀਫ ਸਰਕਾਰ ਦੀ ਸ਼ਿਕਾਇਤ ਉੱਤੇ ਕੈਨੇਡਾ ਦੀ ਸਰਕਾਰ ਨੇ ਓਥੋਂ ਆਏ ਤਾਹਿਰ ਉਲ ਕਾਦਰੀ ਨੂੰ ਨਾਗਰਿਕਤਾ ਖਤਮ ਕਰਨ ਦਾ ਦਬਕਾ ਮਾਰਿਆ ਸੀ ਤੇ ਉਸ ਦੇ ਅਗਲੇ ਦਿਨ ਸੁਪਰੀਮ ਕੋਰਟ ਨੇ ਇਮਰਾਨ ਖਾਨ ਦੀਆਂ ਦੌੜਾਂ ਲਵਾ ਦਿੱਤੀਆਂ ਸਨ। ਹੈਰਾਨੀ ਵਾਲੀ ਗੱਲ ਸੀ ਕਿ ਓਦੋਂ ਦੇਸ਼ ਦੇ ਬਾਕੀ ਆਗੂਆਂ ਵਿੱਚੋਂ ਕੋਈ ਵੀ ਚੁਣੀ ਹੋਈ ਸਰਕਾਰ ਦੇ ਪੱਖ ਵਿੱਚ ਬੋਲਣ ਦੀ ਜੁਰਅੱਤ ਨਹੀਂ ਸੀ ਕਰ ਸਕਿਆ। ਉਨ੍ਹਾਂ ਦਾ ਕਹਿਣਾ ਸੀ ਕਿ ਨਵਾਜ਼ ਸ਼ਰੀਫ ਦੀ ਸਰਕਾਰ ਭ੍ਰਿਸ਼ਟਾਚਾਰ ਕਰਦੀ ਹੈ। ਭ੍ਰਿਸ਼ਟਾਚਾਰ ਤਾਂ ਬੇਨਜ਼ੀਰ ਭੁੱਟੋ ਤੇ ਉਸ ਦਾ ਪਤੀ ਵੀ ਕਰਦੇ ਸਨ ਤੇ ਇਮਰਾਨ ਖਾਨ ਦੇ ਅਹੁਦਾ ਸੰਭਾਲਦੇ ਸਾਰ ਉਸ ਦੀ ਭੈਣ ਅਲੀਮਾ ਖਾਨਮ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਵੀ ਨਿਕਲ ਆਏ ਹਨ। ਇਮਰਾਨ ਖਾਨ ਨੇ ਆਪਣੀ ਭੈਣ ਦੇ ਭ੍ਰਿਸ਼ਟਾਚਾਰ, ਜਿਸ ਦੀ ਹਰ ਗੱਲ ਨਵਾਜ਼ ਸ਼ਰੀਫ ਵਾਲੇ ਕੇਸ ਨਾਲ ਮੇਲ ਖਾਂਦੀ ਹੈ, ਨੂੰ ਢੱਕਣ ਲਈ ਸੰਵਿਧਾਨ ਵਿੱਚ ਸੋਧ ਕਰਨ ਦਾ ਦਾਅ ਖੇਡਣ ਦੀ ਕੋਸ਼ਿਸ਼ ਕੀਤੀ ਤੇ ਬਦਨਾਮੀ ਵੀ ਪੱਲੇ ਪੁਆਈ ਹੈ। ਏਦਾਂ ਦੇ ਭ੍ਰਿਸ਼ਟਾਚਾਰੀ ਮਾਹੌਲ ਵਿੱਚ ਨਵਾਜ਼ ਸ਼ਰੀਫ ਨੂੰ ਭ੍ਰਿਸ਼ਟਾਚਾਰ ਦਾ ਮਿਹਣਾ ਦੇ ਕੇ ਓਦੋਂ ਉਸ ਦੇ ਨਾਲ ਖੜੋਣ ਤੋਂ ਜਿਨ੍ਹਾਂ ਸਿਆਸੀ ਆਗੂਆਂ ਨੇ ਨਾਂਹ ਕੀਤੀ, ਉਹ ਫੌਜੀ ਕਮਾਂਡਰਾਂ ਨੇ ਉਨ੍ਹਾਂ ਤੋਂ ਕਰਵਾਈ ਸੀ।



ਸਿਰਫ ਇੱਕ ਮੌਕਾ ਇਹੋ ਜਿਹਾ ਆਇਆ ਸੀ, ਜਦੋਂ ਫੌਜ ਦੀ ਬਗਾਵਤ ਦਾ ਅਗੇਤਾ ਪਤਾ ਲੱਗਣ ਕਾਰਨ ਮੌਕੇ ਦੀ ਸਰਕਾਰ ਨੇ ਇਸ ਨੂੰ ਰੋਕਣ ਦਾ ਹੌਸਲਾ ਕੀਤਾ ਤੇ ਕਾਮਯਾਬ ਰਹੀ ਸੀ। ਉਹ ਸਰਕਾਰ ਭ੍ਰਿਸ਼ਟਾਚਾਰ ਲਈ ਬਹੁਤ ਬਦਨਾਮ ਹੋ ਚੁੱਕੇ ਓਦੋਂ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੀ ਸੀ, ਪਰ ਬਗਾਵਤ ਦੇ ਵਿਰੋਧ ਦੀ ਅਗਵਾਈ ਜ਼ਰਦਾਰੀ ਨੇ ਨਹੀਂ ਸੀ ਕੀਤੀ, ਉਸ ਵਕਤ ਦਾ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਕਰ ਰਿਹਾ ਸੀ। ਉਸ ਨੇ ਪਾਰਲੀਮੈਂਟ ਵਿੱਚ ਉੱਠ ਕੇ ਕਿਹਾ ਸੀ ਕਿ ਕਾਂਵਾਂ ਉੱਤੇ ਵੀ ਭੀੜ ਬਣੇ ਤਾਂ ਸਾਰੇ ਇਕੱਠੇ ਹੋ ਜਾਂਦੇ ਨੇ, ਸਾਡੇ ਦੇਸ਼ ਦੇ ਲੋਕ-ਰਾਜ ਨੂੰ ਇਸ ਵੇਲੇ ਜਿਹੋ ਜਿਹਾ ਖਤਰਾ ਹੈ, ਫੌਜ ਪਲਟਾ ਕਰਨ ਦਾ ਮਨ ਬਣਾਈ ਬੈਠੀ ਹੈ, ਉਹ ਖਤਰਾ ਸਿਰਫ ਮੇਰੀ ਸਰਕਾਰ ਨੂੰ ਨਹੀਂ, ਸਾਰੀਆਂ ਕਿਸਮਾਂ ਦੀ ਸਿਆਸੀ ਲੀਡਰਸ਼ਿਪ ਲਈ ਹੈ, ਅੱਜ ਅਸੀਂ ਮਰਾਂਗੇ ਤਾਂ ਕੱਲ੍ਹ ਤੁਸੀਂ ਮਰੋਗੇ। ਉਸ ਦੀ ਇਸ ਅਪੀਲ ਤੇ ਇਸ ਦੇ ਨਾਲ-ਨਾਲ ਸੁਪਰੀਮ ਕੋਰਟ ਵਿੱਚ ਇੱਕ ਨਾਗਰਿਕ ਵੱਲੋਂ ਅਰਜ਼ੀ ਕਿ ਫੌਜ ਨੂੰ ਬਗਾਵਤ ਕਰਨ ਤੋਂ ਰੋਕਿਆ ਜਾਵੇ, ਦਾ ਅਸਰ ਸੀ ਕਿ ਫੌਜ ਬਗਾਵਤ ਕਰਨ ਤੋਂ ਝਿਜਕ ਗਈ ਸੀ। ਗਿਲਾਨੀ ਬਾਅਦ ਵਿੱਚ ਆਪਣੀ ਪਾਰਟੀ ਦੇ ਬਹੁਤ ਬਦਨਾਮ ਹੋ ਚੁੱਕੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਬਚਾਉਣ ਦੇ ਚੱਕਰ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਵਾਲੀ ਕੁਰਸੀ ਗਵਾ ਬੈਠਾ, ਪਰ ਉਹ ਅਗਲੀਆਂ ਸਰਕਾਰਾਂ ਉਲਟਾਏ ਜਾਣ ਤੋਂ ਰੋਕਣ ਦਾ ਪ੍ਰਬੰਧ ਕਰ ਗਿਆ ਸੀ। ਉਸ ਦੀ ਸਰਕਾਰ ਬਚਾਉਣ ਲਈ ਜਿਹੜਾ ਕੇਸ ਓਦੋਂ ਸੁਪਰੀਮ ਕੋਰਟ ਵਿੱਚ ਦਾਇਰ ਹੋਇਆ ਸੀ, ਉਸ ਦਾ ਫੈਸਲਾ ਇਸ ਫਰਵਰੀ ਵਿੱਚ ਹੋਇਆ ਤੇ ਸੁਪਰੀਮ ਕੋਰਟ ਨੇ ਫੌਜ ਨੂੰ ਕਹਿ ਦਿੱਤਾ ਹੈ ਕਿ ਉਹ ਸਰਕਾਰਾਂ ਉੱਤੇ ਕਬਜ਼ੇ ਕਰਨ ਲਈ ਸੋਚਣਾ ਭਵਿੱਖ ਵਿੱਚ ਬੰਦ ਕਰ ਦੇਵੇ। ਫੌਜ ਦੇ ਕਮਾਂਡਰ ਏਨੇ ਕੱਚੇ-ਕੂਲੇ ਨਹੀਂ ਕਿ ਸੁਪਰੀਮ ਕੋਰਟ ਦਾ ਕਹਿਣਾ ਮੰਨ ਲੈਣ ਅਤੇ ਇਸ ਪਾਸੇ ਝਾਕਣਾ ਛੱਡ ਦੇਣ, ਜਿਸ ਸੁਪਰੀਮ ਕੋਰਟ ਦੇ ਜੱਜਾਂ ਨੂੰ ਉਹ ਕਈ ਵਾਰ ਫੌਜੀ ਹਕੂਮਤ ਦੀ ਵਫਾਦਾਰੀ ਦੀ ਸਹੁੰ ਚੁਕਾ ਚੁੱਕੇ ਹਨ, ਉਸ ਅਦਾਲਤ ਦਾ ਇਹ ਤਾਜ਼ਾ ਫੈਸਲਾ ਸੁਣ ਕੇ ਉਹ ਹੱਸਦੇ ਹੋਣਗੇ ਅਤੇ ਅਦਾਲਤ ਨੂੰ ਪਤਾ ਹੀ ਨਹੀਂ।

ਭਾਰਤ ਦੇ ਖਿਲਾਫ ਪਿਛਲੇ ਹਫਤੇ ਦੌਰਾਨ ਜਿਹੜੇ ਹਾਲਾਤ ਬੜਾ ਖਤਰਨਾਕ ਮੋੜਾ ਕੱਟਣ ਵਾਲੇ ਸਾਬਤ ਹੋਏ, ਇਨ੍ਹਾਂ ਦੇ ਪਿੱਛੇ ਓਥੋਂ ਦੀ ਸੁਪਰੀਮ ਕੋਰਟ ਦਾ ਫੌਜ ਨੂੰ ਰਾਜ ਸੱਤਾ ਤੋਂ ਲਾਂਭੇ ਦਾ ਰਹਿਣ ਦਾ ਹੁਕਮ ਹੋਵੇ ਜਾਂ ਨਾ, ਏਨਾ ਯਕੀਨੀ ਹੈ ਕਿ ਫੌਜ ਇਸ ਸਥਿਤੀ ਵਿੱਚੋਂ ਸਰਕਾਰ ਨੂੰ ਸੰਸਾਰ ਸਾਹਮਣੇ ਕਮਜ਼ੋਰ ਪੈਂਦੀ ਸਾਬਤ ਕਰਨ ਵਿੱਚ ਕਾਮਯਾਬ ਰਹੀ ਹੈ। ਉਸ ਦੀ ਪਕੜ ਵਿੱਚ ਆਇਆ ਭਾਰਤੀ ਪਾਇਲਟ ਜਿਵੇਂ ਸੰਸਾਰ ਦੀ ਰਾਏ ਪਾਕਿਸਤਾਨ ਦੇ ਖਿਲਾਫ ਹੋਣ ਪਿੱਛੋਂ ਸਿਰਫ ਦੋ ਦਿਨ ਬਾਅਦ ਛੱਡਣਾ ਪਿਆ ਹੈ, ਫੌਜੀ ਕਮਾਂਡ ਇਸ ਨੂੰ ਸਰਕਾਰ ਦੀ ਕਮਜ਼ੋਰੀ ਦੇ ਤੌਰ ਉੱਤੇ ਪੇਸ਼ ਕਰ ਕੇ ਅਗਲਾ ਕਦਮ ਚੁੱਕੇ ਜਾਣ ਦੀ ਲਾਮਬੰਦੀ ਕਰੇਗੀ। ਜਨਰਲ ਮੁਸ਼ੱਰਫ ਨੇ ਨਵਾਜ਼ ਸ਼ਰੀਫ ਸਰਕਾਰ ਦੇ ਖਿਲਾਫ ਇਹੋ ਪੱਤਾ ਖੇਡਿਆ ਸੀ। ਓਥੋਂ ਦੀ ਰਾਜਨੀਤੀ ਅਤੇ ਫੌਜ ਦੇ ਸੰਬੰਧਾਂ ਵਿੱਚ ਲੁਕਮਾਨੀ ਨੁਸਖਾ ਬਣ ਚੁੱਕਿਆ ਇਹ ਦਾਅ ਜਿੰਨੀ ਵਾਰੀ ਫੌਜ ਨੇ ਖੇਡਿਆ ਤੇ ਓਥੋਂ ਦੀ ਸਰਕਾਰ ਬਦਲਣੀ ਚਾਹੀ ਹੈ, ਉਸ ਨੂੰ ਕਾਮਯਾਬੀ ਮਿਲਦੀ ਰਹੀ ਹੈ। ਇਹ ਇੱਕ ਵਾਰ ਫਿਰ ਹੋ ਸਕਦਾ ਹੈ।

ਪਾਕਿਸਤਾਨ ਦੇ ਲੋਕਾਂ ਤੇ ਓਥੋਂ ਦੀ ਸਿਆਸੀ ਲੀਡਰਸ਼ਿਪ ਨੂੰ ਪਿਛਲੇ ਦਿਨੀਂ ਭਾਰਤ ਨਾਲ ਜੰਗ ਵਾਲੇ ਹਾਲਾਤ ਬਾਰੇ ਸੋਚਣ ਦੀ ਥਾਂ ਆਪਣੇ ਦੇਸ਼ ਦੇ ਅੰਦਰੂਨੀ ਹਾਲਾਤ ਅਤੇ ਫੌਜ ਦੀ ਨੀਤ ਬਾਰੇ ਸੋਚਣਾ ਚਾਹੀਦਾ ਹੈ। ਓਥੋਂ ਦੀ ਫੌਜ ਕਦੇ ਵੀ ਏਨਾ ਸਮਾਂ ਰਾਜ ਸੱਤਾ ਤੋਂ ਲਾਂਭੇ ਰਹਿਣ ਦੀ ਆਦੀ ਨਹੀਂ ਹੋ ਸਕੀ। ਜਿਨ੍ਹਾਂ ਹਾਲਾਤ ਵਿੱਚ ਸੰਸਾਰ ਭਰ ਦੇ ਦਬਾਅ ਹੇਠ ਓਥੋਂ ਦੀ ਸਰਕਾਰ ਨੂੰ ਕੁਝ ਮਾਮਲਿਆਂ ਵਿੱਚ ਭਾਰਤ ਅੱਗੇ ਝੁਕਣਾ ਪਿਆ ਹੈ, ਪਾਕਿਸਤਾਨੀ ਫੌਜ ਇਸ ਨੂੰ ਆਪਣੀ ਸਰਕਾਰ ਦੀ ਕਮਜ਼ੋਰੀ ਦੇ ਰੂਪ ਵਿੱਚ ਪੇਸ਼ ਕਰ ਕੇ ਓਥੋਂ ਦੇ ਲੋਕਾਂ ਨੂੰ ਸਰਕਾਰ ਵਿਰੁੱਧ ਭੜਕਾਉਣ ਤੇ ਫਿਰ ਹਾਲਾਤ ਵਿਗੜਦੇ ਜਾਣ ਦਾ ਬਹਾਨਾ ਬਣਾ ਕੇ ਪੁਰਾਣਾ ਤਜਰਬਾ ਦੁਹਰਾਉਣ ਬਾਰੇ ਸੋਚ ਸਕਦੀ ਹੈ। ਅਸੀਂ ਇਹ ਗੱਲ ਏਥੋਂ ਆਰੰਭੀ ਸੀ ਕਿ ਇਤਿਹਾਸ ਵਿੱਚ ਕਈ ਵਾਰੀ ਕੌਮਾਂ ਦੀ ਲੀਡਰਸ਼ਿਪ ਸਾਹਮਣੇ ਏਦਾਂ ਦੇ ਮੌਕੇ ਪੇਸ਼ ਹੋ ਜਾਂਦੇ ਹਨ, ਜਿੱਥੇ ਉਨ੍ਹਾਂ ਨੂੰ ਆਪਣੇ ਤੋਂ ਪਹਿਲੇ ਆਗੂਆਂ ਦੀਆਂ ਭੁੱਲਾਂ ਤੇ ਕੁਰਾਹਿਆਂ ਨੂੰ ਸੁਧਾਰਨ ਦੀ ਜ਼ਿਮੇਵਾਰੀ ਨਿਭਾਉਣੀ ਪੈ ਸਕਦੀ ਹੈ। ਇਹ ਮੌਕਾ ਇਤਿਹਾਸ ਨੇ ਇਸ ਵੇਲੇ ਇਮਰਾਨ ਖਾਨ ਦੇ ਸਾਹਮਣੇ ਪੇਸ਼ ਕੀਤਾ ਜਾਪਦਾ ਹੈ। ਉਸ ਨੂੰ ਹਰ ਰੰਗ ਦੀ ਸਿਆਸੀ ਲੀਡਰਸ਼ਿਪ ਨੂੰ ਇਸ ਗੱਲ ਦੇ ਲਈ ਲਾਮਬੰਦ ਕਰਨਾ ਚਾਹੀਦਾ ਹੈ ਕਿ ਲੋਕ-ਰਾਜ ਵਿੱਚ ਫੌਜ ਨੂੰ ਮਨ-ਆਈਆਂ ਕਰਨ ਤੋਂ ਰੋਕਣਾ ਚਾਹੀਦਾ ਹੈ, ਨਹੀਂ ਤਾਂ ਇਹ ਏਸੇ ਤਰ੍ਹਾਂ ਕਿਸੇ ਦਾ ਵੀ ਤਖਤਾ ਪਲਟਦੀ ਰਹੇਗੀ ਤੇ ਲੋਕਤੰਤਰ ਵਿਖਾਵੇ ਦਾ ਬਣ ਕੇ ਰਹਿ ਜਾਵੇਗਾ। ਭ੍ਰਿਸ਼ਟਾਚਾਰ ਤੇ ਹੋਰ ਮੁੱਦੇ ਇਸ ਵੇਲੇ ਓਨੇ ਵੱਡੇ ਨਹੀਂ, ਜਿੰਨਾ ਵੱਡਾ ਮੁੱਦਾ ਫੌਜ ਨੂੰ ਲਗਾਮ ਦੇਣ ਦਾ ਹੈ। ਜੇ ਇਮਰਾਨ ਖਾਨ ਬਾਕੀ ਲੀਡਰਾਂ ਨੂੰ ਇਸ ਦੇ ਲਈ ਲਾਮਬੰਦ ਨਾ ਕਰ ਸਕਿਆ, ਜੇ ਉਹ ਨਿੱਜੀ ਕਾਰਨਾਂ ਕਰ ਕੇ ਲਾਮਬੰਦ ਹੋਣ ਤੋਂ ਇਨਕਾਰੀ ਹੋ ਗਏ ਤਾਂ ਉਨ੍ਹਾਂ ਨੂੰ ਇੱਕ ਵਾਰ ਫਿਰ ਉਹ ਲੰਮਾ ਦੌਰ ਹੰਢਾਉਣਾ ਪੈ ਸਕਦਾ ਹੈ, ਜਿਸ ਨੂੰ ਕਈ ਵਾਰ ਹੰਢਾ ਚੁੱਕੇ ਹਨ। ਪਾਕਿਸਤਾਨ ਦੀ ਰਾਜਨੀਤੀ ਵਿੱਚ ਬਾਕੀਆਂ ਨਾਲੋਂ ਛੋਟੇ ਸਿਆਸੀ ਕੱਦ ਵਾਲੇ ਇਮਰਾਨ ਖਾਨ ਦੇ ਸਿਰ ਵੱਡੀ ਜ਼ਿਮੇਵਾਰੀ ਹੈ, ਉਹ ਇਸ ਮੋੜ ਉੱਤੇ ਇਹ ਜ਼ਿਮੇਵਾਰੀ ਨਿਭਾ ਸਕਦਾ ਹੈ ਕਿ ਨਹੀਂ, ਓਥੋਂ ਦੇ ਲੋਕਾਂ ਦਾ ਭਵਿੱਖ ਇਸ ਉੱਤੇ ਨਿਰਭਰ ਕਰੇਗਾ।

# ਮੋਹ-ਮੁਹੱਬਤਾਂ ਦੇ ਰੰਗ..

-ਮੋਹਨ ਸ਼ਰਮਾ

ਨੌਜਵਾਨ ਵਰਗ ਦਾ ਵੱਡਾ ਹਿੱਸਾ ਇਹ ਭੁੱਲ ਚੁੱਕਿਆ ਹੈ ਕਿ ਸਾਲ ਦੇ ਮਈ ਮਹੀਨੇ ਵਿੱਚ 'ਪਿਤਾ ਦਿਵਸ' ਮਨਾ ਕੇ ਪਿਤਾ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ ਜਾਂਦਾ ਅਤੇ ਜੂਨ ਮਹੀਨੇ ਵਿੱਚ 'ਮਾਂ ਦਿਵਸ' ਦੇ ਦਿਨ ਰੱਬ ਦਾ ਦੂਜਾ ਰੂਪ ਮਾਂ ਪ੍ਰਤੀ ਨਤ ਮਸਤਕ ਹੋਣ ਦਾ ਦਿਨ ਮਨਾਇਆ ਜਾਂਦਾ ਹੈ। ਉਹ ਜੁਲਾਈ ਦੇ ਮਹੀਨੇ 'ਮਾਪੇ ਦਿਵਸ' ਨੂੰ ਵੀ ਭੁੱਲ ਚੁੱਕੇ ਹਨ ਤੇ ਅਕਤੂਬਰ ਦੇ ਮਹੀਨੇ 'ਸੀਨੀਅਰ ਸਿਟੀਜਨਜ਼ ਡੇ' ਵੀ ਉਨ੍ਹਾਂ ਦੇ ਚੇਤੇ ਵਿੱਚੋਂ ਮਨਫੀ ਹੋ ਚੁੱਕਿਆ ਹੈ। ਹਾਂ, ਫਰਵਰੀ ਦੇ ਦੂਜੇ ਹਫਤੇ ਮਨਾਇਆ ਜਾਣ ਵਾਲਾ 'ਵੈਲੇਨਟਾਈਨ ਡੇ' ਉਨ੍ਹਾਂ ਨੂੰ ਯਾਦ ਰਹਿੰਦਾ ਹੈ। ਇਸ ਦਿਨ ਨੌਜਵਾਨ ਵਰਗ ਵੱਡੀ ਗਿਣਤੀ ਵਿੱਚ ਕਾਲਜਾਂ, ਪਾਰਕਾਂ, ਬਾਜ਼ਾਰਾਂ ਤੇ ਹੋਰ ਅਜਿਹੀਆਂ ਥਾਵਾਂ ਉਤੇ ਪਿਆਰ ਦੇ ਪਵਿੱਤਰ ਸ਼ਬਦ ਦੀ ਦੁਰਵਰਤੋਂ ਕਰਦਿਆਂ ਨੌਜਵਾਨ ਕੁੜੀਆਂ ਪ੍ਰਤੀ ਅਸ਼ਲੀਲ ਸ਼ਬਦਾਂ ਦੀ ਵਰਤੋਂ, ਕਾਮ ਵਾਸਨਾ ਭਰਪੂਰ ਨਜ਼ਰਾਂ ਦੇ ਤੀਰ ਤੇ ਹੁੜਦੰਗ ਮਚਾ ਕੇ ਰੋਮ ਦੇ ਧਾਰਮਿਕ ਆਗੂ ਵੈਲੇਨਟਾਈਨ ਨੂੰ 'ਸ਼ਰਧਾ ਦੇ ਫੁੱਲ' ਭੇਂਟ ਕਰਦੇ ਹਨ।

ਇਸ ਦਿਨ ਪੁਲਸ ਮੁਲਾਜ਼ਮਾਂ ਨੂੰ ਅਜਿਹੇ ਭੂੰਡ ਆਸ਼ਕਾਂ ਉਤੇ ਬਾਜ਼ ਅੱਖ ਰੱਖਣ ਲਈ ਵਿਸ਼ੇਸ਼ ਤੌਰ 'ਤੇ ਭੇਜਿਆ ਜਾਂਦਾ ਹੈ, ਪਰ ਅਕਾਲ ਡਿਗਰੀ ਕਾਲਜ ਫਾਰ ਵਿਮੈਨ, ਸੰਗਰੂਰ ਦੀਆਂ ਜਰਨਲਿਜ਼ਮ ਦੀ ਪੜ੍ਹਾਈ ਕਰਦੀਆਂ ਕੁੜੀਆਂ ਨੇ ਵਿਲੱਖਣ ਢੰਗ ਨਾਲ 'ਵੈਲੇਨਟਾਈਨ ਡੇ' ਮਨਾ ਕੇ ਨੌਜਵਾਨ ਵਰਗ ਨੂੰ ਸੁਨੇਹਾ ਦਿੱਤਾ ਕਿ ਪਿਆਰ ਦੀ ਪਰਿਭਾਸ਼ਾ ਸਿਰਫ ਮੁੰਡੇ ਕੁੜੀਆਂ ਦੇ ਆਪਸੀ ਮੋਹ ਨਾਲ ਹੀ ਸਬੰਧਤ ਨਹੀਂ, ਇਸ ਦਿਨ ਨੂੰ ਸਮਾਜ ਦੇ ਪੀੜਤ ਵਰਗ ਨਾਲ ਮਨਾ ਕੇ ਅਥਾਹ ਖੁਸ਼ੀ ਅਤੇ ਸਕੂਨ ਦਾ ਆਦਾਨ ਪ੍ਰਦਾਨ ਕੀਤਾ ਜਾ ਸਕਦਾ ਹੈ।

ਤੀਹ ਕੁ ਕੁੜੀਆਂ ਦੇ ਕਾਫਲੇ ਨੇ ਸੰਗਰੂਰ ਲਾਗਲੇ ਪਿੰਡ ਬਡਰੁੱਖਾਂ ਦੇ ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਨਾਲ 'ਵੈਲਨਟਾਈਨ ਡੇ' ਮਨਾਉਣ ਦਾ ਪ੍ਰੋਗਰਾਮ ਉਲੀਕ ਲਿਆ ਤੇ ਇਸ ਬਾਰੇ ਆਸ਼ਰਮ ਦੇ ਪ੍ਰਬੰਧਕਾਂ ਤੋਂ ਦੋ ਦਿਨ ਪਹਿਲਾਂ ਅਗੇਤੀ ਪ੍ਰਵਾਨਗੀ ਵੀ ਲੈ ਲਈ। ਮਿਥੇ ਦਿਨ ਆਸ਼ਰਮ ਵਿੱਚ ਉਹ ਬਜ਼ੁਰਗਾਂ ਨੂੰ ਇੰਜ ਮਿਲੀਆਂ, ਜਿਵੇਂ ਧੀਆਂ ਆਪਣੇ ਬਾਬਲ ਨੂੰ ਮਿਲਦੀਆਂ ਹਨ। ਪਹਿਲਾਂ ਉਨ੍ਹਾਂ ਨੂੰ ਬੜੇ ਪਿਆਰ, ਸਤਿਕਾਰ ਤੇ ਅਪਣੱਤ ਨਾਲ ਕਾਲਜ ਦੇ ਹੋਸਟਲ ਤੋਂ ਤਿਆਰ ਕੀਤੀਆਂ ਗਰਮ-ਗਰਮ ਸੇਵੀਆਂ ਪਰੋਸੀਆਂ। ਕੁਝ ਕੁੜੀਆਂ ਨੇ ਆਸ਼ਰਮ ਦੀ ਰਸੋਈ ਵਿੱਚ ਜਾ ਕੇ ਚਾਹ ਬਣਾਈ ਅਤੇ ਚਾਹ ਪੀਂਦਿਆਂ ਉਨ੍ਹਾਂ ਨਾਲ ਨਿੱਕੀਆਂ-ਨਿੱਕੀਆਂ ਮੋਹ ਭਿਜੀਆਂ ਗੱਲਾਂ ਵੀ ਛੋਹ ਲਈਆਂ।

ਇਸ ਨਾਲ ਬਜ਼ੁਰਗਾਂ ਦੇ ਚਿਹਰਿਆਂ ਉਤੇ ਛਾਈ ਘੋਰ ਉਦਾਸੀ ਦੇ ਬਦਲ ਛਟਣ ਲੱਗੇ ਅਤੇ ਚਿਹਰੇ 'ਤੇ ਨਿਰਛਲ ਮੁਸਕਰਾਹਟ ਆਉਣ ਲੱਗ ਪਈ। ਸੋਗੀ ਸੰਨਾਟਾ, ਬੇਵਸੀ, ਚੁੱਪ, ਉਦਰੇਵਾਂ, ਆਪਣਿਆਂ ਦੀ ਬੇਰੁਖੀ ਅਤੇ ਕਬਰਾਂ ਵਰਗੀ ਚੁੱਪ ਦੀ ਥਾਂ ਕੁੜੀਆਂ ਦੇ ਨਿਰਛਲ ਹਾਸੇ, ਮੋਹ ਭਰੇ ਸ਼ਬਦ, ਅਪਣੱਤ ਅਤੇ ਸਤਿਕਾਰ ਭਰੇ ਵਰਤਾਉ ਨਾਲ ਮਾਹੌਲ ਖੁਸ਼ ਗਵਾਰ ਹੋ ਗਿਆ। ਕੁੜੀਆਂ ਨੇ ਆਸ਼ਰਮ ਵਿੱਚ ਰਹਿੰਦੇ ਬਜ਼ੁਰਗਾਂ ਦੇ ਕੱਪੜੇ ਧੋਤੇ, ਉਨ੍ਹਾਂ ਵਿੱਚੋਂ ਕਈਆਂ ਨੂੰ ਕੇਸੀ ਇਸ਼ਨਾਨ ਕਰਵ-ਾਇਆ, ਉਨ੍ਹਾਂ ਦੇ ਨਹੁੰ ਕੱਟੇ। ਫਿਰ ਦੁੱਖ ਸੁੱਖ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਦਾ ਘਰ ਤੋਂ ਬੇਘਰ ਹੋਣ, ਆਪਣਿਆਂ ਦੀ ਬੇਰੁਖੀ ਅਤੇ ਆਸ਼ਰਮ ਵਿੱਚ ਰਹਿਣ ਦਾ ਅਨੁਭਵ ਸਾਂਝਾ ਕੀਤਾ। ਇਹ ਗੱਲਾਂ ਕਰਦਿਆਂ ਬਜ਼ੁਰਗਾਂ ਦੇ ਅੱਥਰੂ ਪਰਲ-ਪਰਲ ਵਹਿ ਰਹੇ ਸਨ ਅਤੇ ਕੁੜੀਆਂ ਉਨ੍ਹਾਂ ਦੇ ਅੱਥਰੂ ਆਪਣੀਆਂ ਚੁੰਨੀਆਂ ਦੇ ਲੜਾਂ ਨਾਲ ਪੂੰਝ ਰਹੀਆਂ ਸਨ।

ਦਿਲ ਨੂੰ ਝੰਜੋੜਨ ਵਾਲੇ ਇਨ੍ਹਾਂ ਪਲਾਂ ਸਮੇਂ ਕੁੜੀਆਂ ਦੇ ਚਿਹਰਿਆਂ ਉਤੇ ਸੋਗ ਦੀ ਪਰਤ ਜੰਮ ਗਈ। ਸਿਆਣੀਆਂ ਕੁੜੀਆਂ ਨੇ ਮਾਹੌਲ ਨੂੰ ਖੁਸ਼ਗਵਾਰ ਬਣਾਉਣ ਲਈ ਗੀਤਾਂ ਦੀ ਝੜੀ ਲਾ ਦਿੱਤੀ। ਬਜ਼ੁਰਗਾਂ ਦੇ ਕੰਬਦੇ ਹੱਥ ਗੀਤਾਂ ਦੀ ਲੈਅ 'ਤੇ ਤਾੜੀਆਂ ਲਾਉਣ ਲੱਗ ਪਏ। ਚਿਹਰੇ 'ਤੇ ਮੁਸਕਰਾਹਟ ਪਰਤ ਆਈ ਅਤੇ ਬਿਰਧ ਆਸ਼ਰਮ ਦੇ ਵਿਹੜੇ ਵਿੱਚ ਬਜ਼ੁਰਗਾਂ ਦੇ ਦੁਆਲੇ ਮੁਟਿਆਰਾਂ ਦਾ ਨੱਚਣਾ ਟੱਪਣਾ, ਬੋਲੀਆਂ ਪਾਉਣਾ ਆਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਸੀ। ਅੰਦਾਜ਼ਨ ਪੰਜ ਘੰਟੇ ਆਸ਼ਰਮ ਵਿੱਚ ਗੀਤ ਸੰਗੀਤ ਤੇ ਹਾਸਿਆਂ ਦਾ ਮੀਂਹ ਪੈਂਦਾ ਰਿਹਾ ਅਤੇ ਬਜ਼ੁਰਗ ਇਸ ਮੀਂਹ ਵਿੱਚ ਭਿਜਦੇ ਹੋਏ ਮਾਨਸਿਕ ਸਕੂਨ ਪ੍ਰਾਪਤ ਕਰਦੇ ਰਹੇ। ਉਨ੍ਹਾਂ ਦੇ ਚਿਹਰਿਆਂ ਤੋਂ ਤਣਾਉ ਅਤੇ ਉਦਾਸੀ ਪਰ ਲਾ ਕੇ ਉਡ ਚੁੱਕੀ ਸੀ।

ਜਦੋਂ ਕੁੜੀਆਂ ਨੇ ਉਨ੍ਹਾਂ ਨੂੰ ਗਲਵੱਕੜੀ ਪਾ ਕੇ ਜਾਣ ਲਈ ਆਗਿਆ ਮੰਗੀ ਤਾਂ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਤਰਦਾ ਪ੍ਰਸ਼ਨ ਕੁੜੀਆਂ ਨੇ ਪੜ੍ਹ ਲਿਆ। ਉਨ੍ਹਾਂ ਮੋਹ ਭਰੇ ਲਹਿਜ਼ੇ ਨਾਲ ਕਿਹਾ, 'ਵਾਅਦਾ ਹੈ ਤੁਹਾਡੇ ਨਾਲ, ਇਹ ਦਿਨ ਅਸੀਂ ਹਰ ਸਾਲ ਥੋਡੇ ਨਾਲ ਮਨਾਉਣਾ ਹੈ। ਉਂਜ ਵੀ ਅਸੀਂ ਸਮੇਂ-ਸਮੇਂ ਸਿਰ ਥੋਡੇ ਕੋਲ ਆਉਂਦੀਆਂ ਰਹਾਂਗੀਆਂ। ਭਲਾਂ ਧੀਆਂ ਵੀ ਕਦੇ ਮਾਪਿਆਂ ਤੋਂ ਦੂਰ ਹੋਈਆਂ ਨੇ? ਤੁਸੀਂ ਆਵਾਜ਼ ਦੇਣੀ, ਅਸੀਂ ਝੱਟ ਇਥੇ ਆ ਜਾਵਾਂਗੀਆਂ।' ਫਿਰ ਉਨ੍ਹਾਂ ਵਿੱਚੋਂ ਇਕ ਕੁੜੀ ਨੇ ਮਾਸੂਮ ਲਹਿਜ਼ੇ ਵਿੱਚ ਕਿਹਾ, 'ਤੁਸੀਂ ਵੀ ਸਾਡੇ ਨਾਲ ਵਾਅਦਾ ਕਰੋ ਇਕ।'

'ਦੱਸ ਬੀਬਾ ਕਿਹੜਾ ਵਾਅਦਾ ਕਰੀਏ?' ਬਜ਼ੁਰਗਾਂ ਵਿੱਚੋਂ ਇਕ ਨੇ ਗੰਭੀਰ ਹੋ ਕੇ ਕਿਹਾ।

ਕੁੜੀ ਨੇ ਮੋਹ ਨਾਲ ਲਬਰੇਜ਼ ਤਾੜਨਾ ਭਰੇ ਲਹਿਜ਼ੇ ਵਿੱਚ ਕਿਹਾ, 'ਬਸ, ਅੱਜ ਤੋਂ ਤੁਸੀਂ ਉਨ੍ਹਾਂ ਦੇ ਲਈ ਨਹੀਂ ਰੋਣਾ, ਜਿਹੜੇ ਥੋਡੇ ਬਣੇ ਹੀ ਨਹੀਂ। ਇਥੇ ਰਹਿ ਕੇ ਖੁਸ਼ ਰਹੋ।'

'ਠੀਕ ਐ ਧੀਏ, ਐਵੇਂ ਝੂਰਨ ਨਾਲ ਮਿਲਦਾ ਵੀ ਕੀ ਹੈ?' ਇਕ ਬਜ਼ੁਰਗ ਨੇ ਸਾਰਿਆਂ ਵੱਲੋਂ ਸਾਂਝਾ ਜਿਹਾ ਜਵਾਬ ਦਿੱਤਾ। ਕੁੜੀਆਂ ਦਾ ਕਾਫਲਾ ਵੈਲਨਟਾਈਨ ਡੇ ਮਨਾ ਕੇ ਜਾਣ ਸਮੇਂ ਸੰਦਲੀ ਪੈੜਾਂ ਦੇ ਨਿਸ਼ਾਨ ਛੱਡ ਗਿਆ ਸੀ।

# ਪੰਜ ਆਬਾਂ ਦੀ ਅੱਜ ਕਾਹਦੀ ਕਹਾਣੀ!

-ਮਨਦੀਪ ਸਿੰਘ ਧਾਲੀਵਾਲ

ਅੱਜ ਦਾ ਦਿਨ ਮੇਰੀ ਮਾਂ ਲਈ ਬੜੀ ਖੁਸ਼ੀ ਦਾ ਦਿਨ ਸੀ। ਅੱਜ ਸਾਡੇ ਘਰ ਪਾਣੀ ਵਾਲਾ ਫਿਲਟਰ ਲੱਗਾ ਸੀ। ਮੇਰੀ ਮਾਂ ਨੂੰ ਡਾਕਟਰ ਨੇ ਸਲਾਹ ਦਿੱਤੀ ਸੀ, 'ਮਾਂ ਜੀ, ਤੁਸੀਂ ਫਿਲਟਰ ਵਾਲਾ ਪਾਣੀ ਹੀ ਪੀਆ ਕਰੋ, ਇਹ ਤੁਹਾਡੇ ਲਈ ਬਹੁਤ ਜ਼ਰੂਰੀ ਆ।' ..ਤੇ ਅੱਜ ਫਿਲਟਰ ਲੱਗਣ ਦੀ ਖੁਸ਼ੀ ਵਿੱਚ ਮੇਰੀ ਮਾਂ ਨੇ ਲੱਡੂ ਵੰਡੇ, ਇਸ ਦੇ ਨਾਲ ਮੈਨੂੰ ਆਖੀ ਜਾਵੇ, 'ਚੱਲ ਪੁੱਤ, ਸਿਆਪਾ ਮੁੱਕਿਆ ਵਿੱਚੋਂ, ਤੈਨੂੰ ਵੀ ਨਿੱਤ ਰੋਜ਼ ਐਡੀ ਦੂਰੋਂ ਸਰਕਾਰੀ ਫਿਲਟਰ ਵਾਲਾ ਪਾਣੀ ਲੈਣ ਜਾਣਾ ਪੈਂਦਾ ਸੀ।'

ਉਸ ਦੀ ਇਹ ਗੱਲ ਸੁਣ ਕੇ ਮੈਂ ਉਹ ਦਿਨ ਯਾਦ ਕਰਨ ਲੱਗਾ, ਜਦੋਂ ਇਕ ਸ਼ਾਮ ਨੂੰ ਮੈਂ ਘਰ ਬਹੁਤ ਦੇਰ ਨਾਲ ਪਹੁੰਚਿਆ ਤਾਂ ਮਾਂ ਗੁੱਸੇ ਵਿੱਚ ਭੱਠੀ ਵਾਂਗ ਤਪੀ ਬੈਠੀ ਸੀ। ਬੱਸ ਘਰੇ ਵੜਨ ਸਾਰ ਮੇਰੇ ਉਤੇ ਗਾਲਾਂ ਦਾ ਮੀਂਹ ਵਰ੍ਹ ਗਿਆ, 'ਆ ਗਿਆ ਸਿਆਪਾ ਕਰਾਉਣਿਆਂ, ਟੈਮ ਦੇਖ ਲਾ ਕਿੰਨਾ ਹੋ ਗਿਆ, ਹੈਂ, ਉਹ ਸਰਕਾਰੀ ਫਿਲਟਰ ਆ, ਤੇਰੇ ਪਿਉ ਦਾ ਨੀ, ਬਈ ਜਦੋਂ ਮਰਜ਼ੀ ਭਰ ਲਿਆਂਦਾ, ਜਾਹ ਉਜੜ ਜਾ ਛੇਤੀ।'

ਮੇਰਾ ਮਨ ਬਹੁਤ ਉਦਾਸ ਹੋਇਆ। ਮੈਨੂੰ ਆਪਣੀ ਗਲਤੀ ਵੀ ਮਹਿਸੂਸ ਹੋ ਰਹੀ ਸੀ ਅਤੇ ਗੁੱਸਾ ਵੀ ਆ ਰਿਹਾ ਸੀ। ਉਦਾਸੀ ਅਤੇ ਗੁੱਸੇ ਦੇ ਆਲਮ ਵਿੱਚ ਪਾਣੀ ਵਾਲੀ ਕੈਨ ਚੁੱਕ ਕੇ ਬੁੜ-ਬੁੜ ਕਰਦਾ ਘਰੋਂ ਬਾਹਰ ਤੁਰ ਗਿਆ।

ਅੱਗੇ ਗਿਆ ਤਾਂ ਹੋਰ ਨਿਰਾਸ਼ਾ ਪੱਲੇ ਪਈ। ਫਿਲਟਰ ਦੇ ਦਰਵਾਜ਼ੇ ਨੂੰ ਭਦੌੜੀ ਇੱਟ ਜਿੱਡਾ ਜੰਦਰਾ ਲੱਗਾ ਦੇਖ ਮੈਂ ਰੋਣਹਾਕਾ ਹੋ ਗਿਆ ਅਤੇ ਅੰਦਰੇ-ਅੰਦਰ ਸੋਚਣ ਲੱਗਾ; ਕੀ ਬਣੂ, ਫਿਲਟਰ ਵਾਲਾ ਪਾਣੀ ਤਾਂ ਬਹੁਤ ਜ਼ਰੂਰੀ ਸੀ, ਪਰ ਕੁਝ ਹੋ ਵੀ ਨਹੀਂ ਹੋ ਸਕਦਾ। ..ਖੈਰ! ਮੈਂ ਉਖੜੇ ਪੈਰੀਂ ਵਾਪਸ ਮੁੜ ਪਿਆ। ਰਸਤੇ ਵਿੱਚ ਮੇਰਾ ਮਿੱਤਰ ਮਿਲ ਗਿਆ। ਉਸ ਨੇ ਖਾਲੀ ਕੈਨ ਤੇ ਮੇਰਾ ਲਟਕਿਆ ਜਿਹਾ ਮੂੰਹ ਦੇਖ ਕੇ ਸਹਿਜੇ ਹੀ ਅੰਦਾਜ਼ਾ ਲਾ ਗਿਆ ਤੇ ਮੈਨੂੰ ਟਿੱਚਰ ਜਿਹੀ ਕਰ ਕੇ ਆਖਣ ਲੱਗਾ, 'ਸੋਹਣੀ ਨੇ ਡੁੱਬਣਾ ਕੀ ਆ, ਝਨਾਂ ਵਿੱਚ ਤਾਂ ਪਾਣੀ ਹੀ ਨ੍ਹੀਂ ਰਿਹਾ।' ਮੈਂ ਵੀ ਉਦਾਸ ਜਿਹੇ ਮੂੰਹ ਨਾਲ ਆਖ ਦਿੱਤਾ, 'ਭਰਾਵਾ, ਜਿਹੜਾ ਪਾਣੀ ਰਹਿ ਗਿਆ, ਉਹ ਗੰਦਾ ਹੋਇਆ ਪਿਆ।'

ਉਸ ਨੇ ਮੈਨੂੰ ਹੌਸਲਾ ਜਿਹਾ ਦੇ ਕੇ ਫਿਰ ਕਿਹਾ, 'ਤੂੰ ਫਿਕਰ ਨਾ ਕਰ ਯਾਰ, ਆ ਜਾ ਸਾਡੇ ਘਰੋਂ ਭਰ ਲਾ ਪਾਣੀ, ਨਾਲੇ ਸਰਕਾਰੀ ਫਿਲਟਰ ਤੋਂ ਕਿਤੇ ਵੱਧ ਸ਼ੁੱਧ ਪਾਣੀ ਆ।' ਮੈਂ ਉਦਾਸ ਜਿਹਾ ਹੋਇਆ ਉਹਦੇ ਨਾਲ ਤੁਰ ਪਿਆ ਤੇ ਮਨੋ ਮਨ ਸੋਚ ਰਿਹਾ ਸੀ ਕਿ ਜੇ ਫਿਲਟਰ ਵਾਲਾ ਪਾਣੀ ਵੀ ਪੂਰੀ ਤਰ੍ਹਾਂ ਸ਼ੁੱਧ ਨਹੀਂ ਤਾਂ ਫਿਰ ਬਣੇਗਾ ਕੀ! ਇਕ ਪਾਣੀ ਦੇ ਐਨੇ ਰੰਗ!! ਪੰਜਾਬ ਦੀ ਇਸ ਤ੍ਰਾਸਦੀ 'ਤੇ ਰੋਣਾ ਆ ਰਿਹਾ ਸੀ।

ਅੱਜ ਜਦੋਂ ਸਾਡੇ ਘਰ ਫਿਲਟਰ ਲੱਗ ਗਿਆ ਸੀ, ਤਾਂ ਵੀ ਮੈਂ ਬਹੁਤ ਉਦਾਸ ਸੀ। ਅਸਲ ਵਿੱਚ ਮੈਨੂੰ ਆਪਣੀ ਦਾਦੀ ਦੀਆਂ ਗੱਲਾਂ ਯਾਦ ਆਉਣ ਲੱਗੀਆਂ ਸਨ। ਜਦੋਂ ਅਸੀਂ ਘਰੇ ਨਲਕਾ ਪੁੱਟ ਕੇ ਮੱਛੀ ਮੋਟਰ ਲਾਈ ਸੀ ਤਾਂ ਮੇਰੀ ਦਾਦੀ ਬਹੁਤ ਦੁਖੀ ਹੋਈ ਸੀ। ਜਦੋਂ ਅਸੀਂ ਫਿਲਟਰ ਵਾਲਾ ਪਾਣੀ ਲੈਣ ਜਾਂਦੇ ਤਾਂ ਦਾਦੀ ਆਖਦੀ ਹੁੰਦੀ ਸੀ, 'ਪੁੱਤ ਸਾਡੇ ਵੇਲੇ ਚੰਗੇ ਸੀ, ਅਸੀਂ ਹੱਥਾਂ ਨਾਲ ਹੀ ਮਿੱਟੀ ਪੁੱਟ ਕੇ ਪਾਣੀ ਕੱਢ ਕੇ ਪੀ ਲੈਂਦੇ ਸੀ, ਤੁਸੀਂ ਨਲਕੇ ਪੁੱਟ ਕੇ ਆ ਮੱਛੀ ਮੋਟਰ ਵੀ ਲਵਾ ਲਈ, ਜੈ-ਖਾਣੇ ਦਾ ਪਾਣੀ ਫੇਰ ਨ੍ਹੀਂ ਸਾਫ ਮਿ-ਲਆ। ਆਹ ਕੈਨੀ ਜਿਹੀ ਚੁੱਕ ਕੇ ਮੁੱਲ ਦਾ ਪਾਣੀ ਲਿਆਉਣ ਲੱਗ ਪਏ, ਲੋਹੜਾ ਈ ਆ ਗਿਆ ਭਾਈ, ਐ ਤਾਂ ਕਦੇ ਸੋਚਿਆ ਨਹੀਂ ਸੀ ਕਿ ਪਾਣੀ ਵੀ ਮੁੱਲ ਵਿਕਿਆ ਕਰੂ।'

ਮੈਨੂੰ ਲੱਗਦਾ, ਇਹ ਆਖਦਿਆਂ ਦਾਦੀ ਦੀਆਂ ਝੁਰੜੀਆਂ ਹੋਰ ਉਭਰ ਆਉਂਦੀਆਂ, ਉਹ ਗਲਾ ਸਾਫ ਕਰਕੇ ਰਤਾ ਕੁ ਹੋਰ ਉਚੇ ਸੁਰ ਵਿੱਚ ਬੋਲਣਾ ਸ਼ੁਰੂ ਕਰ ਦਿੰਦੀ, 'ਜੰਮਦੇ ਜਵਾਕਾਂ ਨੂੰ ਬਿਮਾਰੀਆਂ ਚਿੰਬੜੀਆਂ ਪਈਆਂ ਨੇ, ਕਿਧਰੇ ਯੂਰਕ ਐਸਟ (ਯੂਰਿਕ ਐਸਿਡ), ਕਿਧਰੇ ਸ਼ੂਗਰ, ਕਿਧਰੇ ਕੁਝ ਹੋਰ।' ਦਾਦੀ ਕੈਂਸਰ ਦਾ ਨਾਮ ਲੈਣਾ ਮਨਹੂਸ ਸਮਝਦੀ ਸੀ, ਬਸ 'ਦੂਜਾ' ਆਖ ਕੇ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਜਾਂਦੀ। ਮੈਂ ਦਾਦੀ ਦੀ ਪੀੜ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਜਿਹੜੀ ਧਰਤੀ ਦਾ ਨਾਮ ਪੰਜ ਦਰਿਆਵਾਂ ਤੋਂ ਪਿਆ ਹੋਵੇ, ਜਿਥੇ ਪਾਣੀ ਨੂੰ 'ਪਿਤਾ' ਅਤੇ 'ਅੰਮ੍ਰਿਤ' ਦਾ ਰੁਤਬਾ ਮਿਲਿਆ ਹੋਵੇ, ਉਥੇ ਉਹੀ ਅੰਮ੍ਰਿਤ ਜ਼ਹਿਰ ਬਣ ਜਾਵੇ ਤੇ ਸ਼ੁੱਧ ਪਾਣੀ ਲੈਣ ਲਈ ਲੋਕਾਈ ਨੂੰ ਦਰ-ਦਰ ਧੱਕੇ ਖਾਣੇ ਪੈਣ ਤਾਂ ਕਾਹਦਾ ਪੰਜ-ਆਬ! ਅੰਦਰੋਂ ਤੂਫਾਨ ਜਿਹਾ ਉਠਿਆ, ਕਿੱਥੇ ਗਿਆ ਉਹ ਪੰਜਾਂ ਦਰਿਆਵਾਂ ਵਾਲਾ ਪੰਜਾਬ?

ਭਾਈ ਲੋਕੋ! ਅਸੀਂ ਤਾਂ ਐਵੇਂ ਹੀ ਹਰੀ ਕ੍ਰਾਂਤੀ ਦੇ ਗੁਣ ਗਾਉਂਦੇ ਰਹਿ ਗਏ..।






## ਬਲਾਤਕਾਰ ਦਾ ਦੋਸ਼ੀ ਐੱਨ ਆਰ ਆਈ ਹਵਾਈ ਅੱਡੇ ਤੋਂ ਕਾਬੂ

ਜਲੰਧਰ, 3 ਮਾਰਚ (ਪੋਸਟ ਬਿਊਰੋ)- ਮੈਟਰੀਮੋਨੀਅਲ ਵੈਬਸਾਈਟ ਸ਼ਾਦੀ ਡਾਟ ਕਾਮ ਉੱਤੇ ਦਿੱਲੀ ਦੀ ਮੁਟਿਆਰ ਨਾਲ ਸੰਪਰਕ ਕਰ ਕੇ ਵਿਆਹ ਦਾ ਝਾਂਸਾ ਦੇ ਕੇ ਬਲਾਤਕਾਰ ਕਰਨ ਵਾਲੇ ਐੱਨ ਆਰ ਆਈ ਨੂੰ ਦਿੱਲੀ ਪੁਲਸ ਨੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਹੈ। ਉਹ ਇੰਗਲੈਂਡ ਵਿੱਚ ਸਕਿਓਰਿਟੀ ਗਾਰਡ ਹੈ ਅਤੇ ਆਪਣੇ ਪਰਵਾਰ ਨੂੰ ਮਿਲਣ ਜਲੰਧਰ ਆ ਰਿਹਾ ਸੀ। ਗ੍ਰਿਫਤਾਰੀ ਪਿੱਛੋਂ ਭੋਗਪੁਰ ਦੇ ਪਿੰਡ ਖੋਜਕੀਪੁਰ ਵਾਸੀ ਐੱਨ ਆਰ ਆਈ ਰਵਿੰਦਰ ਸਿੰਘ ਪੁੱਤਰ ਰਾਮ ਪ੍ਰਕਾਸ਼ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਦਿੱਲੀ ਪੁਲਸ ਨੇ ਜੇਲ੍ਹ ਭੇਜ ਦਿੱਤਾ ਹੈ।

ਇਸ ਸੰਬੰਧ ਵਿੱਚ ਦਿੱਲੀ ਪੁਲਸ ਦੇ ਡਿਪਟੀ ਕਮਿਸ਼ਨਰ (ਨਾਰਥ ਵੈਸਟ) ਵਿਜੇਅੰਤਾ ਆਰੀਆ ਨੇ ਦੱਸਿਆ ਕਿ ਦੋਸ਼ੀ ਐੱਨ ਆਰ ਆਈ ਕਰੀਬ ਇੱਕ ਸਾਲ ਤੋਂ ਇਸ ਕੇਸ ਵਿੱਚ ਫਰਾਰ ਸੀ। ਉਨ੍ਹਾਂ ਦੱਸਿਆ ਕਿ ਦਿੱਲੀ ਪੁਲਸ ਨੂੰ 24 ਸਾਲਾ ਕੁੜੀ ਨੇ ਸ਼ਿਕਾਇਤ ਦਿੱਤੀ ਸੀ ਕਿ 2017 ਵਿੱਚ ਮੈਟਰੀਮੋਨੀਅਲ ਵੈੱਬਸਾਈਟ ਸ਼ਾਦੀ ਡਾਟ ਕਾਮ ਦੇ ਐਪ 'ਤੇ ਉਹ ਰਵਿੰਦਰ ਸਿੰਘ ਦੇ ਸੰਪਰਕ ਵਿੱਚ ਆਈ ਸੀ, ਜਿਸ ਵਿੱਚ ਉਸ ਨੇ ਖੁਦ ਨੂੰ ਇੰਗਲੈਂਡ ਦਾ ਪਰਮਾਨੈਂਟ ਨਾਗਰਿਕ ਦੱਸਿਆ ਸੀ। ਇਸ ਪਿੱਛੋਂ ਉਹ ਰਵਿੰਦਰ ਨੂੰ ਮਿਲੀ ਅਤੇ ਵਿਆਹ ਕਰਨ ਦੇ ਝਾਂਸੇ 'ਚ ਫਸ ਗਈ। ਦਸੰਬਰ 2017 ਵਿੱਚ ਦੋਸ਼ੀ ਦੇ ਇੰਡੀਆ ਆਉਣ ਉੱਤੇ 17 ਦਸੰਬਰ ਨੂੰ ਦੋਵਾਂ ਦੀ ਮੁਲਾਕਾਤ ਹੋਈ। ਕੁੜੀ ਦੇ ਮੁਤਾਬਕ ਦੋਸ਼ੀ ਨੇ ਉਸ ਨੂੰ ਨਸ਼ਾ ਦੇ ਕੇ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਪਿੱਛੋਂ ਦੋਸ਼ੀ ਰਵਿੰਦਰ ਨੇ ਪਹਿਲਾਂ ਉਸ ਨੂੰ ਕਿਹਾ ਕਿ ਉਹ ਪਿੰਡ ਵਿੱਚ ਰਹਿੰਦੀ ਆਪਣੀ ਮਾਂ ਨੂੰ ਮਨਾਉਣ ਤੋਂ ਬਾਅਦ ਉਸ ਨਾਲ ਵਿਆਹ ਕਰੇਗਾ, ਪਰ ਇਸ ਦੇ ਉਲਟ ਉਹ ਯੂ ਕੇ ਵਾਪਸ ਚਲਾ ਗਿਆ ਤੇ ਵਿਆਹ ਕਰਨ ਤੋਂ ਮੁੱਕਰ ਗਿਆ ਸੀ। ਡੀ ਜੀ ਪੀ ਵਿਜੇਅੰਤਾ ਨੇ ਦੱਸਿਆ ਕਿ ਸਾਈਬਰ ਸੈਲ ਦੀ ਟੀਮ ਨੇ ਕੇਸ ਦੀ ਜਾਂਚ ਕਰ ਕੇ ਭੋਗਪੁਰ ਦੇ ਪਿੰਡ ਖੋਜਕੀਪੁਰ ਵਿੱਚ ਦੋਸ਼ੀ ਦੇ ਘਰ ਕਈ ਵਾਰ ਛਾਪੇਮਾਰੀ ਕੀਤੀ, ਪਰ ਉਹ ਹਮੇਸ਼ਾ ਫਰਾਰ ਹੁੰਦਾ ਸੀ। ਉਸ ਖਿਲਾਫ ਲੁੱਕ ਆਊਟ ਨੋਟਿਸ ਜਾਰੀ ਕੀਤਾ ਗਿਆ। ਬੀਤੇ ਸ਼ੁੱਕਰਵਾਰ ਪੁਲਸ ਟੀਮ ਨੇ ਉਸ ਨੂੰ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ।

## ਪੰਜਾਬ ਸਰਕਾਰ ਨੇ ਦਿੱਤਾ ਆਰਥਿਕ ਆਧਾਰ 'ਤੇ ਨੌਕਰੀਆਂ ਵਿੱਚ 10 ਫੀਸਦੀ ਰਾਖਵਾਂਕਰਨ


ਪੰਜਾਬ ਮੰਤਰੀ ਮੰਡਲ ਦੀ ਬੈਠਕ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਦੀਆਂ ਨੌਕਰੀਆਂ ਵਿੱਚ ਆਰਥਿਕ ਤੌਰ ਉੱਤੇ ਕਮਜ਼ੋਰ ਵਰਗਾਂ (ਈ ਡਬਲਯੂ ਐੱਸ) ਲਈ ਰਾਖਵੇਂਕਰਨ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਰਾਜ ਮੰਤਰੀ ਮੰਡਲ ਨੇ ਸੰਵਿਧਾਨਕ ਸੋਧ ਅਨੁਸਾਰ ਚੱਲਣ ਦਾ ਫੈਸਲਾ ਕੀਤਾ ਹੈ। ਇਹ ਸੋਧ ਭਾਰਤੀ ਸੰਵਿਧਾਨ ਵਿੱਚ ਧਾਰਾ 15 (6) ਅਤੇ 16 (6) ਨੂੰ ਸ਼ਾਮਲ ਕਰਨ ਬਾਰੇ ਹੈ, ਜੋ ਪਿਛਲੇ ਦਿਨੀਂ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਸੋਧ ਦੇ ਮੁਤਾਬਕ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਵਾਲੇ ਪੰਜਾਬ ਦੇ ਉਨ੍ਹਾਂ ਲੋਕਾਂ ਨੂੰ 10 ਫੀਸਦੀ ਰਾਖਵਾਂਕਰਨ ਦਿੱਤਾ ਜਾਵੇਗਾ, ਜੋ ਅਨੁਸੂਚਿਤ ਜਾਤਾਂ/ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੀ ਮੌਜੂਦਾ ਸਕੀਮ ਹੇਠ ਨਹੀਂ ਆਉਂਦੇ ਤੇ ਜਿਨ੍ਹਾਂ ਦੇ ਪਰਵਾਰਾਂ ਦੀ ਕੁੱਲ ਸਾਲਾਨਾ ਆਮਦਨ ਅੱਠ ਲੱਖ ਤੋਂ ਘੱਟ ਹੈ। ਪੰਜ ਏਕੜ ਖੇਤੀ ਵਾਲੀ ਜ਼ਮੀਨ ਅਤੇ 1000 ਵਰਗ ਗਜ਼ ਤੋਂ ਉਪਰ ਦੇ ਰਿਹਾਇਸ਼ੀ ਫਲੈਟ ਤੇ ਨੋਟੀਫਾਈਡ ਨਗਰ ਕੌਂਸਲ ਖੇਤਰ ਵਿੱਚ 100 ਵਰਗ ਗਜ਼ ਜਾਂ ਇਸ ਤੋਂ ਵੱਡਾ ਰਿਹਾਇਸ਼ੀ ਪਲਾਟ ਅਤੇ ਨੋਟੀਫਾਈਡ ਨਗਰ ਪਾਲਿਕਾ ਦੇ ਖੇਤਰਾਂ ਦੇ ਬਾਹਰ 200 ਵਰਗ ਗਜ਼ ਜਾਂ ਇਸ ਤੋਂ ਵੱਡਾ ਪਲਾਟ ਜਿਨ੍ਹਾਂ ਲੋਕਾਂ ਦਾ ਹੋਵੇਗਾ, ਉਨ੍ਹਾਂ ਨੂੰ ਆਰਥਿਕ ਤੌਰ 'ਤੇ ਪੱਛੜੇ ਵਰਗਾਂ ਤੋਂ ਬਾਹਰ ਰੱਖਿਆ ਜਾਵੇਗਾ, ਭਾਵੇਂ ਉਨ੍ਹਾਂ ਦੀ ਪਰਵਾਰਕ ਆਮਦਨ ਕੁਝ ਵੀ ਹੋਵੇ। ਪਰਵਾਰ ਦੀ ਆਮਦਨ ਅਤੇ ਸੰਪਤੀ ਦੇ ਦਸਤਾਵੇਜ਼ ਜਾਂਚ ਵੇਲੇ ਤਸਦੀਕ ਹੋਣੇ ਲੋੜੀਂਦੇ ਹੋਣਗੇ।

## 7 ਮਾਰਚ ਤਕ 651 ਨਰਸਾਂ ਤੇ ਹੋਰਨਾਂ ਨੂੰ ਪੱਕੇ ਕਰਨ ਦਾ ਪੰਜਾਬ ਸਰਕਾਰ ਵੱਲੋਂ ਐਲਾਨ

### *ਨਰਸਾਂ ਵੱਲੋਂ ਹੜਤਾਲ ਖਤਮ ਕਰਨ ਦਾ ਫੈਸਲਾ

ਪਟਿਆਲਾ, 3 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਸਿਹਤ, ਪਰਵਾਰ ਭਲਾਈ ਅਤੇ ਮੈਡੀਕਲ ਸਿਖਿਆ ਤੇ ਖੋਜ ਮੰਤਰੀ ਬ੍ਰਹਮ ਮਹਿੰਦਰਾ ਨੇ ਰਜਿੰਦਰਾ ਹਸਪਤਾਲ ਪੁੱਜ ਕੇ ਹੜਤਾਲੀ ਨਰਸਾਂ ਤੇ ਹੋਰ ਮੁਲਾਜ਼ਮਾਂ ਦੀ ਹੜਤਾਲ ਖ਼ਤਮ ਕਰਵਾਈ ਤੇ ਸਰਕਾਰੀ ਮੈਡੀਕਲ ਕਾਲਜ ਵਿਖੇ ਇਨ੍ਹਾਂ ਨਰਸਾਂ ਤੇ ਹੋਰ ਮੁਲਾਜ਼ਮਾਂ ਨਾਲ ਬੈਠਕ ਕਰਕੇ ਅੱਜ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਪੰਜਾਬ ਸਰਕਾਰ ਦੀ ਮੀਟਿੰਗ ਵਿੱਚ 651 ਸਟਾਫ਼ ਨਰਸਾਂ, 130 ਚੌਥਾ ਦਰਜਾ ਤੇ 75 ਐਨਸਿਲਰੀ ਵਰਕਰਾਂ ਨੂੰ ਪੱਕੇ ਕਰਨ ਲਈ ਕੀਤੇ ਗੰਭੀਰ ਵਿਚਾਰ ਵਟਾਂਦਰੇ ਤੋਂ ਜਾਣੂ ਕਰਵਾਇਆ। ਇਸ ਦੇ ਬਾਅਦ ਹੜਤਾਲ ਖਤਮ ਕਰ ਦਿੱਤੀ ਗਈ।

ਵਰਨਣ ਯੋਗ ਹੈ ਕਿ ਬ੍ਰਹਮ ਮਹਿੰਦਰਾ ਅਤੇ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਪਰਨੀਤ ਕੌਰ ਨੇ ਕੱਲ੍ਹ ਰਜਿੰਦਰਾ ਹਸਪਤਾਲ ਦੀ ਐਮਰਜੈਂਸੀ ਵਿਖੇ ਇਲਾਜ ਲਈ ਦਾਖ਼ਲ ਨਰਸਾਂ ਤੇ ਹੋਰ ਸਟਾਫ਼ ਦਾ ਹਾਲ ਜਾਣਿਆ ਸੀ। ਬ੍ਰਹਮ ਮਹਿੰਦਰਾ ਨੇ ਦੱਸਿਆ ਕਿ ਸਰਕਾਰ ਉਨ੍ਹਾਂ ਨਰਸਾਂ ਸਮੇਤ ਸਾਰੇ ਕੱਚੇ ਮੁਲਾਜ਼ਮਾਂ ਦੀ ਸੇਵਾ ਰੈਗੂਲਰ ਕਰਨ ਲਈ ਗੰਭੀਰ ਹੈ ਤੇ ਇਹ ਫ਼ੈਸਲਾ ਕਰ ਲਿਆ ਹੈ ਕਿ 7 ਮਾਰਚ ਤਕ ਮੈਡੀਕਲ ਸਿਖਿਆ ਤੇ ਖ਼ੋਜ ਵਿਭਾਗ ਵੱਲੋਂ 651 ਸਟਾਫ਼ ਨਰਸਾਂ, 130 ਸੇਵਾਦਾਰਾਂ ਤੇ 75 ਐਨਸਿਲਰੀ ਵਰਕਰਾਂ ਨੂੰ ਪੱਕਾ ਕੀਤਾ ਜਾਵੇਗਾ। ਇਸ ਤੋਂ ਉਤਸ਼ਾਹਤ ਹੋਈਆਂ ਨਰਸਾਂ, ਐਨਸਿਲਰੀ ਤੇ ਚੌਥਾ ਦਰਜਾ ਸਟਾਫ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਪਰਨੀਤ ਕੌਰ ਅਤੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦਾ ਧੰਨਵਾਦ ਕੀਤਾ ਤੇ ਹੜਤਾਲ ਖਤਮ ਕਰ ਦਿੱਤੀ।

## ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਦੀ ਜ਼ਮਾਨਤ ਅਰਜ਼ੀ ਰੱਦ



ਫ਼ਰੀਦਕੋਟ, 3 ਮਾਰਚ, (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਦੇ ਲਈ ਗ੍ਰਿਫ਼ਤਾਰ ਕੀਤੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੇ ਆਪਣੀ ਜ਼ਮਾਨਤ ਲਈ ਸਥਾਨਕ ਸੈਸ਼ਨ ਕੋਰਟ ਵਿੱਚ ਅਰਜ਼ੀ ਦਿੱਤੀ ਸੀ, ਉਹ ਅਰਜ਼ੀ ਅੱਜ ਜ਼ਿਲਾ ਅਤੇ ਸੈਸ਼ਨ ਜੱਜ ਫ਼ਰੀਦਕੋਟ ਨੇ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾਂ ਦੀ ਜ਼ਮਾਨਤ ਅਰਜ਼ੀ ਉੱਤੇ ਅਦਲਤ ਨੇ ਬੀਤੀ 1 ਮਾਰਚ ਨੂੰ ਦੋਵਾਂ ਧਿਰਾਂ ਦੇ ਵਕੀਲਾਂ ਦੀ ਬਹਿਸ ਪਿੱਛੋਂ ਫ਼ੈਸਲਾ 2 ਮਾਰਚ ਉੱਤੇ ਪਾ ਦਿੱਤਾ ਸੀ। ਬਹਿਸ ਦੌਰਾਨ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਾਬਕਾ ਐੱਸ ਐੱਸ ਪੀ ਦੀ ਜ਼ਮਾਨਤ ਅਰਜ਼ੀ ਰੱਦ ਕਰਾਉਣ ਲਈ ਪੂਰੀ ਵਾਹ ਲਾ ਦਿੱਤੀ ਸੀ। ਦੂਸਰੇ ਪਾਸੇ 14 ਅਕਤੂਬਰ 2015 ਨੂੰ ਕੋਟਕਪੂਰਾ ਦੇ ਸਾਬਕਾ ਐੱਸ ਡੀ ਐੱਮ ਹਰਜੀਤ ਸਿੰਘ ਸੰਧੂ ਨੇ ਵੀ ਗਵਾਹ ਵਜੋਂ ਨਾਮਜ਼ਦ ਕੀਤੇ ਜਾਣ ਦੀ ਹਾਲਤ ਵਿਚ ਆਪਣੇ ਬਿਆਨ ਖੁਦ ਲਿਖ ਕੇ ਦੇਣ ਦੀ ਥਾਂ ਜੱਜ ਏਕਤਾ ਉੱਪਲ ਦੀ ਅਦਾਲਤ ਨੂੰ ਇਕਬਾਲੀਆ ਬਿਆਨ ਦਰਜ ਕਰਵਾ ਦਿੱਤੇ ਸਨ, ਤਾਂ ਜੋ ਭਵਿੱਖ ਵਿਚ ਕਿਸੇ ਦਬਾਅ ਕਾਰਨ ਮੁੱਕਰਨ ਦੀ ਗੁੰਜਾਇਸ਼ ਨਾ ਰਹੇ। ਕੋਟਕਪੂਰਾ ਗੋਲੀ ਕਾਂਡ ਵੇਲੇ ਇਲਾਕਾ ਵਿਧਾਇਕ ਵਜੋਂ ਸਰਕਾਰੀ ਕੰਮਾਂ ਵਿੱਚ ਸ਼ਾਮਲ ਰਹੇ ਮਨਤਾਰ ਸਿੰਘ ਬਰਾੜ ਨੇ ਵੀ ਇਸ ਪਿੱਛੋਂ ਆਪਣੇ ਬਚਾਅ ਲਈ ਸੈਸ਼ਨ ਕੋਰਟ ਨੂੰ ਆਪਣੀ ਬਲੈਂਕੇਟ ਜ਼ਮਾਨਤ ਦੇ ਲਈ ਅਰਜ਼ੀ ਲਾਈ ਹੈ, ਜਿਸ ਦੀ ਸੁਣਵਾਈ ਅਦਾਲਤ ਵੱਲੋਂ 5 ਮਾਰਚ ਨੂੰ ਕੀਤੀ ਜਾਣੀ ਹੈ।

ਐੱਸ ਆਈ ਟੀ ਨੇ ਆਪਣੇ ਕੈਂਪ ਦਫ਼ਤਰ ਫ਼ਰੀਦਕੋਟ ਵਿਖੇ 27 ਫ਼ਰਵਰੀ ਨੂੰ ਸਾਬਕਾ ਵਿਧਾਇਕ ਬਰਾੜ ਤੇ ਐੱਸ ਡੀ ਐੱਮ ਹਰਜੀਤ ਸਿੰਘ ਸੰਧੂ ਤੋਂ ਲਗਾਤਾਰ ਦੇਰ ਰਾਤ ਤੱਕ 10 ਘੰਟੇ ਪੁੱਛਗਿੱਛ ਕੀਤੀ ਸੀ, ਜਿਸ ਕਾਰਨ ਹਰਜੀਤ ਸਿੰਘ ਸੰਧੂ ਅਤੇ ਮਨਤਾਰ ਸਿੰਘ ਬਰਾੜ ਨੇ ਆਪਣੇ ਬਚਾਓ ਲਈ ਯਤਨ ਸ਼ੁਰੂ ਕੀਤੇ ਹਨ।

## ਵਿਆਹ ਦੌਰਾਨ ਡੱਗ ਵਿੱਚ ਡਿੱਗਣ ਕਾਰਨ ਦੋ ਸਾਲਾ ਬੱਚੇ ਦੀ ਮੌਤ

ਗੋਨਿਆਣਾ, 3 ਮਾਰਚ (ਪੋਸਟ ਬਿਊਰੋ)- ਗੋਨਿਆਣਾ-ਬਠਿੰਡਾ ਰੋਡ ਉੱਤੇ ਝੀਲ ਦੇ ਸਾਹਮਣੇ ਇੱਕ ਪੈਲੇਸ ਵਿੱਚ ਵਿਆਹ ਸਮਾਗਮ ਦੌਰਾਨ ਦੋ ਸਾਲਾ ਬੱਚਾ ਫੁਹਾਰੇ ਵਾਲੇ ਡੱਗ ਵਿੱਚ ਡਿੱਗ ਗਿਆ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਸ਼ਹਿਰ ਦੇ ਐੱਮ ਸੀ ਅਮੀਰ ਸਿੰਘ ਮੱਕੜ ਨੇ ਦੱਸਿਆ ਕਿ ਬੀਤੇ ਦਿਨੀਂ ਉਸ ਪੈਲੇਸ ਵਿੱਚ ਵਿਆਹ ਸਮਾਗਮ ਸੀ। ਇਸ ਮੌਕੇ ਇੱਕ ਬੱਚਾ ਬਿਪਰਨਜੀਤ ਸਿੰਘ (2) ਮਾਪਿਆਂ ਤੋਂ ਵਿਛੜ ਗਿਆ। ਮਾਪਿਆਂ ਨੇ ਭਾਲ ਸ਼ੁਰੂ ਕੀਤੀ ਤਾਂ ਉਕਤ ਬੱਚਾ ਫੁਆਰੇ ਵਾਲੇ ਡੱਗ ਵਿੱਚ ਬੇਹੋਸ਼ ਪਿਆ ਮਿ-ਲਿਆ। ਬੱਚੇ ਨੂੰ ਬਠਿੰਡਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਲਈ ਲਿਜਾਇਆ ਗਿਆ, ਜਿੱਥੋਂ ਲੁਧਿਆਣਾ ਭੇਜ ਦਿੱਤਾ ਗਿਆ। ਕੱਲ੍ਹ ਸਵੇਰੇ ਬੱਚੇ ਦੀ ਇਲਾਜ ਦੌਰਾਨ ਮੌਤ ਹੋ ਗਈ। ਪਰਵਾਰਕ ਮੈਂਬਰਾਂ ਨੇ ਪੁਲਸ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਪੈਲੇਸ ਪ੍ਰਬੰਧਕਾਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਪੈਲੇਸ ਦੇ ਮੈਨੇਜਰ ਸੰਤੋਸ਼ ਮਿਸ਼ਰਾ ਦਾ ਕਹਿਣਾ ਹੈ ਕਿ ਪੈਲੇਸ ਪ੍ਰਬੰਧਕਾਂ ਦਾ ਇਸ ਵਿੱਚ ਕੋਈ ਕਸੂਰ ਨਹੀਂ ਹੈ। ਬੱਚਾ ਖੇਡਦੇ ਹੋਏ ਡਿੱਗਿਆ ਹੈ।

## ਆਈ ਜੀ ਉਮਰਾਨੰਗਲ ਸਸਪੈਂਡ ਕਰ ਦਿੱਤਾ ਗਿਆ

ਫਰੀਦਕੋਟ, 3 ਮਾਰਚ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਦੇ ਕੇਸ ਵਿੱਚ ਗ੍ਰਿਫਤਾਰ ਕੀਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੇ ਕੱਲ੍ਹ ਸ਼ਾਮ ਸਸਪੈਂਡ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਰਮਰਾਜ ਸਿੰਘ ਉਮਰਾਨੰਗਲ ਨੂੰ ਵਿਸ਼ੇਸ਼ ਜਾਂਚ ਟੀਮ ਨੇ 18 ਫਰਵਰੀ ਨੂੰ ਗ੍ਰਿਫਤਾਰ ਕੀਤਾ ਸੀ ਅਤੇ 26 ਫਰਵਰੀ ਤੱਕ ਉਹ ਪੁਲਸ ਰਿਮਾਂਡ ਉੱਤੇ ਸਨ, ਬਾਅਦ ਵਿੱਚ ਜੇਲ੍ਹ ਭੇਜ ਦਿੱਤੇ ਜਾਣ ਕਾਰਨ 48 ਘੰਟੇ ਤੋਂ ਵੱਧ ਜੇਲ੍ਹ ਵਿੱਚ ਹੋਣ ਕਾਰਨ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸਸਪੈਂਡ ਕਰਨ ਦੇ ਨਾਲ ਬਕਾਇਦਾ ਚਾਰਜਸ਼ੀਟ ਵੀ ਕੀਤਾ ਹੈ। ਇਸ ਤੋਂ ਇਲਾਵਾ ਵਿਭਾਗੀ ਜਾਂਚ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਉਮਰਾਨੰਗਲ ਪਹਿਲੇ ਅਧਿਕਾਰੀ ਹਨ, ਜਿਨ੍ਹਾਂ ਨੂੰ ਬੇਅਦਬੀ ਅਤੇ ਗੋਲੀ ਕਾਂਡ ਨਾਲ ਜੁੜੇ ਕੇਸ ਵਿੱਚ ਸਸਪੈਂਡ ਕਰਕੇ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਗ੍ਰਿਫਤਾਰੀ ਤੋਂ ਬਾਅਦ ਸਸਪੈਂਸ਼ਨ ਦਾ ਸਾਹਮਣਾ ਕਰ ਰਹੇ ਪਰਮਰਾਜ ਸਿੰਘ ਉਮਰਾਨੰਗਲ ਦੇ ਬਹਿਬਲ ਗੋਲੀ ਕਾਂਡ ਦੇ ਕੇਸ ਵਿੱਚ ਵੀ ਗ੍ਰਿਫਤਾਰ ਕੀਤੇ ਜਾਣ ਦੀ ਸੰਭਾਵਨਾ ਹੈ। ਜਾਂਚ ਟੀਮ ਨੇ ਕੱਲ੍ਹ ਅਦਾਲਤ ਵਿੱਚ ਦੱਸਿਆ ਕਿ ਡੀ ਐਸ ਪੀ ਰੈਂਕ ਦੇ ਇਕ ਅਧਿਕਾਰੀ ਨੇ ਉਮਰਾਨੰਗਲ ਦੇ ਬਹਿਬਲ ਕਾਂਡ ਵਿੱਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ ਹੈ।

## ਤਿੰਨ ਸਾਲਾ ਪੋਤੇ ਨੂੰ ਦਾਦੇ ਸਾਹਮਣੇ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਦਿੱਤਾ



ਅਬੋਹਰ, 3 ਮਾਰਚ (ਪੋਸਟ ਬਿਊਰੋ)- ਇਸ ਤਹਿਸੀਲ ਦੇ ਸ਼ੇਰਗੜ੍ਹ ਪਿੰਡ ਵਿੱਚ ਆਵਾਰਾ ਕੁੱਤਿਆਂ ਨੇ ਮਜ਼ਦੂਰ ਪਰਵਾਰ ਦੇ ਤਿੰਨ ਸਾਲਾ ਇਕਲੌਤੇ ਬੇਟੇ ਸੰਦੀਪ ਨੂੰ ਉਸ ਦੇ ਦਾਦੇ ਦੇ ਸਾਹਮਣੇ ਨੋਚ-ਨੋਚ ਕੇ ਮਾਰ ਦਿੱਤਾ।

ਲੋਕਾਂ ਨੇ ਦੱਸਿਆ ਕਿ ਜਿਸ ਜਗ੍ਹਾ ਇਹ ਘਟਨਾ ਵਾਪਰੀ, ਉਥੇ ਹੱਡਾਰੋੜੀ ਹੋਣ ਕਾਰਨ ਕੁੱਤਿਆਂ ਦਾ ਝੁੰਡ ਘੁੰਮਦਾ ਰਹਿੰਦਾ ਹੈ। ਪਿੰਡ ਦਇਆਪੁਰ ਦਾ ਹਜ਼ਾਰੀ ਰਾਮ ਲੰਬੇ ਸਮੇਂ ਤੋਂ ਆਪਣੇ ਪਰਵਾਰ ਨਾਲ ਸ੍ਰੀਗੰਗਾਨਗਰ ਵਾਸੀ ਕੁੱਕੂ ਸਿੰਘ ਦੇ ਸ਼ੇਰਗੜ੍ਹ ਵਾਲੇ ਖੇਤ ਵਿੱਚ ਨੌਕਰੀ ਕਰ ਕੇ ਗੁਜ਼ਾਰਾ ਕਰ ਰਿਹਾ ਹੈ। ਉਸ ਦਾ ਤਿੰਨ ਸਾਲਾ ਬੇਟਾ ਸੰਦੀਪ ਆਪਣੇ ਦਾਦੇ ਦੇ ਨਾਲ ਖੇਤ ਵਿੱਚ ਖੇਡਦਾ ਹੋਇਆ ਢਾਣੀ ਤੋਂ ਕੁਝ ਦੂਰ ਚਲਾ ਗਿਆ। ਇਸੇ ਦੌਰਾਨ ਕੁੱਤਿਆਂ ਨੇ ਉਸ ਉੱਤੇ ਹਮਲਾ ਬੋਲ ਦਿੱਤਾ। ਬੱਚੇ ਦੀਆਂ ਚੀਕਾਂ ਸੁਣ ਕੇ ਉਸ ਦਾ ਦਾਦਾ ਪਹੁੰਚਿਆ, ਪਰ ਕੁੱਤਿਆਂ ਦੀ ਗਿਣਤੀ ਵੱਧ ਹੋਣ ਕਾਰਨ ਕੁਝ ਵੀ ਨਹੀਂ ਕਰ ਸਕੇ। ਰੌਲਾ ਦੇਖ ਕੇ ਬਾਕੀ ਪਰਵਾਰ ਵਾਲੇ ਘਟਨਾ ਵਾਲੀ ਥਾਂ ਪਹੁੰਚੇ ਤਾਂ ਬੱਚੇ ਦੀ ਮੌਤ ਹੋ ਚੁੱਕੀ ਸੀ।

ਐੱਸ ਡੀ ਐੱਮ ਪੂਨਮ ਸਿੰਘ ਨੇ ਕਿਹਾ ਕਿ ਉਹ ਸੰਬੰਧਤ ਵਿਭਾਗ ਤੋਂ ਸਮੱਸਿਆ ਦਾ ਹਲ ਪੁੱਛਣਗੇ। ਮੀਡੀਆ ਟੀਮ ਨੂੰ ਕੁਝ ਲੋਕਾਂ ਨੇ ਦੱਸਿਆ ਕਿ ਕੁੱਤਿਆਂ ਦੇ ਖੌਫ ਕਾਰਨ ਉਹ ਕਾਫੀ ਪ੍ਰੇਸ਼ਾਨ ਹਨ। ਬੱਚਿਆਂ ਨੂੰ ਹੱਡਾਰੋੜੀ ਵਾਲੀ ਦਲੀਆਂ ਵਾਲੀ ਰੋਡ ਨੇੜੇ ਜਾਣ ਤੋਂ ਮਨ੍ਹਾ ਕਰ ਦਿੱਤਾ ਗਿਆ ਹੈ।

## ਭੀਖ ਮੰਗਣ ਵਾਲੇ ਬੱਚੇ ਨੂੰ ਟੋਲ ਪਲਾਜ਼ਾ ਵਾਲਿਆਂ ਨੇ ਰੁੱਖ ਦੇ ਨਾਲ ਬੰਨ੍ਹਿਆ



ਲੁਧਿਆਣਾ, 3 ਮਾਰਚ (ਪੋਸਟ ਬਿਊਰੋ)- ਗੱਲ ਹੈਰਾਨੀ ਵਾਲੀ ਹੈ, ਪਰ ਸੱਚ ਹੈ ਕਿ ਲਾਡੋਵਾਲ ਟੋਲ ਪਲਾਜ਼ਾ ਉੱਤੇ ਭੀਖ ਮੰਗਦੇ ਛੋਟੇ ਜਿਹੇ ਬੱਚੇ ਨੂੰ ਪਲਾਜ਼ਾ ਦੇ ਸਟਾਫ ਨੇ ਰੁੱਖ ਨਾਲ ਬੰਨ੍ਹ ਦਿੱਤਾ। ਉਨ੍ਹਾਂ ਨੇ ਉਸ ਬੱਚੇ ਦੇ ਪੈਸੇ ਵੀ ਖੋਹ ਲਏ। ਓਥੋਂ ਲੰਘਦੇ ਇਕ ਐੱਨ ਆਰ ਆਈ ਪਰਿਵਾਰ ਨੇ ਬੱਚੇ ਨੂੰ ਛੁਡਾਇਆ ਤੇ ਪੈਸੇ ਵਾਪਸ ਕਰਵਾਏ।

ਟੋਲ ਪਲਾਜ਼ਾ ਵਾਲਿਆਂ ਦੀ ਹਰਕਤ ਤੇ ਰੁੱਖ ਨਾਲ ਬੰਨ੍ਹੇ ਬੱਚੇ ਦਾ ਉਕਤ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ, ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਬੱਚਾ ਕੌਣ ਹੈ ਤੇ ਘਟਨਾ ਕਦੋਂ ਦੀ ਹੈ। ਬੱਚੇ ਦਾ ਕਸੂਰ ਏਨਾ ਸੀ ਕਿ ਉਹ ਓਥੇ ਰੁਕਣ ਵਾਲੀਆਂ ਕਾਰਾਂ ਵਿੱਚ ਸਵਾਰ ਲੋਕਾਂ ਤੋਂ ਭੀਖ ਮੰਗਦਾ ਸੀ, ਜਿਸ ਨੂੰ ਟੋਲ ਪਲਾਜ਼ਾ ਵਾਲਿਆਂ ਨੇ ਰੁੱਖ ਨਾਲ ਬੰਨ੍ਹ ਦਿੱਤਾ। ਟੋਲ ਪਲਾਜ਼ਾ ਸਟਾਫ ਦਾ ਕਹਿਣਾ ਸੀ ਕਿ ਕਈ ਵਾਰ ਭਜਾਉਣ ਪਿੱਛੋਂ ਵੀ ਉਹ ਬੱਚਾ ਵਾਰ-ਵਾਰ ਆ ਕੇ ਭੀਖ ਮੰਗਦਾ ਸੀ। ਵੀਡੀਓ ਵਿੱਚ ਬੱਚੇ ਨੂੰ ਛੁਡਾਉਣ ਵਾਲਾ ਐੱਨ ਆਰ ਆਈ ਪਰਿਵਾਰ ਟੋਲ ਪਲਾਜ਼ਾ ਸਟਾਫ ਨੂੰ ਝਾੜ ਪਾਉਂਦਾ ਸੁਣਦਾ ਹੈ। ਬੱਚੇ ਦੇ ਦੋਵੇਂ ਹੱਥ ਪਿੱਛੇ ਵੱਲ ਰੱਸੀ ਨਾਲ ਬੰਨ੍ਹੇ ਕੇ ਉਸ ਤੋਂ ਬਾਅਦ ਉਸ ਨੂੰ ਰੁੱਖ ਨਾਲ ਬੰਨ੍ਹ ਦਿੱਤਾ ਗਿਆ ਸੀ। ਐੱਨ ਆਰ ਆਈ ਦੇ ਮੂੰਹੋਂ ਸੁਣਿਆ ਜਾ ਰਿਹਾ ਹੈ ਕਿ ਬੱਚੇ ਦੇ ਹੱਥ ਤੇ ਅੱਖ ਵਿੱਚੋਂ ਖ਼ੂਨ ਵਗ ਰਿਹਾ ਹੈ। ਬੱਚੇ ਨੂੰ ਬੰਨ੍ਹਣ ਵਾਲੇ ਰਾਹੁਲ ਨਾਂ ਦੇ ਨੌਜਵਾਨ ਨੇ ਆਪਣੀ ਹਰਕਤ ਬਾਰੇ ਮਾਫ਼ੀ ਮੰਗੀ ਹੈ।

## ਬਰਫ ਹੇਠਾਂ ਆ ਜਾਣ ਨਾਲ ਨਾਇਕ ਦੀ ਮੌਤ

ਬਿਆਸ, 3 ਮਾਰਚ (ਪੋਸਟ ਬਿਊਰੋ)- ਕਾਰਗਿਲ ਨੇੜੇ ਲੇਹ ਵਿੱਚ ਕੰਟਰੋਲ ਰੇਖਾ ਉੱਤੇ ਬਰਫ ਦੀਆਂ ਢਿੱਗਾਂ ਹੇਠ ਆਉਣ ਨਾਲ ਪਿੰਡ ਕਲੇਰ ਦੇ ਨਾਇਕ ਕੁਲਦੀਪ ਸਿੰਘ ਦੀ ਕੱਲ੍ਹ ਰਾਤ ਮੌਤ ਹੋ ਗਈ। ਉਹ ਅਜਿਹੀ ਥਾਂ ਡਿਊਟੀ ਨਿਭਾ ਰਿਹਾ ਸੀ, ਜਿੱਥੇ -30 ਤੋਂ -40 ਡਿਗਰੀ ਦੇ ਕਰੀਬ ਤਾਪਮਾਨ ਹੋਣ ਕਾਰਨ ਸਾਹ ਲੈਣਾ ਵੀ ਔਖਾ ਹੁੰਦਾ ਹੈ। ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਪਿੰਡ ਕਲੇਰ ਦਾ ਕੁਲਦੀਪ ਸਿੰਘ ਭਾਰਤੀ ਫੌਜ ਦੀ ਪੰਜ ਸਿੱਖ ਰੈਜੀਮੈਂਟ ਵਿੱਚ ਨਾਇਕ ਦੀ ਸੇਵਾ ਨਿਭਾਉਂਦੇ ਜਾਨ ਦੇ ਗਿਆ ਹੈ। ਉਸ ਦੇ ਪਿਤਾ ਕੁਲਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਪ੍ਰਸ਼ਾਸਨ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦਾ ਪੁੱਤਰ ਡਿਊਟੀ ਦੌਰਾਨ ਰਸਤੇ 'ਤੇ ਜੰਮੀ ਹੋਈ ਬਰਫ ਨੂੰ ਮਸ਼ੀਨ ਨਾਲ ਸਾਫ ਕਰ ਰਿਹਾ ਸੀ ਕਿ ਇਸ ਦੌਰਾਨ ਬਰਫ ਦੀਆਂ ਢਿੱਗਾਂ ਡਿੱਗਣ ਕਾਰਨ ਬਰਫ ਹੇਠਾਂ ਆ ਗਿਆ। ਤਿੰਨ-ਚਾਰ ਘੰਟੇ ਬਾਅਦ ਕੁਲਦੀਪ ਸਿੰਘ ਨੂੰ ਜਦ ਕੱਢਿਆ ਤਾਂ ਉਹ ਦਮ ਤੋੜ ਚੁੱਕਾ ਸੀ। ਉਸ ਦਾ ਭਰਾ ਸੁਖਵੰਤ ਸਿੰਘ ਵੀ ਫੌਜ ਵਿੱਚ ਛੱਤੀਸਗੜ੍ਹ ਵਿਖੇ ਤੈਨਾਤ ਹੈ। ਕੁਲਦੀਪ ਸਿੰਘ ਦਾ ਵਿਆਹ ਕਰੀਬ ਸੱਤ ਸਾਲ ਪਹਿਲਾਂ ਹੋਇਆ ਸੀ ਤੇ ਉਨ੍ਹਾਂ ਦਾ ਇੱਕ ਛੋਟਾ ਬੇਟਾ ਹੈ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com
Multi Award Winner Realtor
CENTURY 21 PRESIDENT



KAMAL SANDHU
Sales Representative
647.891.0143
905.488.2100 ext. 407



## ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ 9 ਮਾਰਚ ਨੂੰ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਚੋਣ 9 ਮਾਰਚ ਨੂੰ ਹੋਵੇਗੀ। ਇਸ ਬਾਰੇ ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਕਮਿਸ਼ਨ ਨੇ ਹਰੀ ਝੰਡੀ ਦੇ ਦਿੱਤੀ ਅਤੇ ਤਿਆਰੀਆਂ ਤੇ ਚੋਣ ਬਾਰੇ ਇਕ ਪੱਤਰ ਦਿੱਲੀ ਗੁਰਦੁਆਰਾ ਚੋਣ ਕਮਿਸ਼ਨ ਨੇ ਕਮੇਟੀ ਨੂੰ ਭੇਜਿਆ ਹੈ।

ਵਰਨਣ ਯੋਗ ਹੈ ਕਿ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਓਦੋਂ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੀ ਸਮੁੱਚੀ ਕਾਰਜਕਾਰਨੀ ਕਮੇਟੀ ਵੱਲੋਂ ਜਨਰਲ ਹਾਊਸ ਤੋਂ ਅਸਤੀਫਾ ਦੇਣ ਕਾਰਨ ਅਜੇ ਤੱਕ ਕਮੇਟੀ ਕਾਰਜਕਾਰੀ ਤੌਰ ਉੱਤੇ ਕੰਮ ਕਰ ਰਹੀ ਹੈ, ਪਰ ਗੁਰਦੁਆਰਾ ਚੋਣ ਕਮਿਸ਼ਨ ਦੀ ਹਰੀ ਝੰਡੀ ਕਾਰਨ 9 ਮਾਰਚ ਨੂੰ ਕਮੇਟੀ ਨੂੰ ਨਵੇਂ ਪ੍ਰਧਾਨ ਸਮੇਤ ਪੰਜ ਅਹੁਦੇਦਾਰ ਅਤੇ 10 ਕਾਰਜਕਾਰਨੀ ਮੈਂਬਰ ਮਿਲ ਜਾਣਗੇ। ਇਨ੍ਹਾਂ ਦਾ ਕਾਰਜਕਾਲ ਦੋ ਸਾਲ ਹੋਵੇਗਾ। ਮਾਰਚ 2021 ਵਿੱਚ ਕਮੇਟੀ ਦੀਆਂ ਚੋਣਾਂ ਹੋਣੀਆਂ ਹਨ, ਜਿਸ ਬਾਰੇ ਪਹਿਲਾਂ 19 ਜਨਵਰੀ ਨੂੰ ਨਵੇਂ ਅਹੁਦੇਦਾਰਾਂ ਦੀ ਚੋਣ ਲਈ ਜਨਰਲ ਹਾਊਸ ਸੱਦਿਆ ਗਿਆ ਸੀ, ਪਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਮੌਜੂਦਾ ਮੈਂਬਰ ਗੁਰਮੀਤ ਸਿੰਘ ਸ਼ੰਟੀ ਦੇ ਅਦਾਲਤ ਵਿੱਚ ਜਾਣ ਕਾਰਨ ਰੋਕ ਲੱਗ ਗਈ ਸੀ। ਬਾਅਦ ਵਿੱਚ ਸ਼ੰਟੀ ਨੇ ਕੇਸ ਵਾਪਸ ਲੈ ਲਿਆ, ਜਿਸ ਕਾਰਨ ਚੋਣਾਂ ਕਰਾਉਣ ਦਾ ਰਸਤਾ ਸਾਫ ਹੋ ਗਿਆ ਹੈ। ਇਸ ਤੋਂ ਬਾਅਦ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਅਦਾਲਤ ਨੂੰ ਲਿਖਤੀ ਭਰੋਸਾ ਦਿੱਤਾ ਸੀ ਕਿ ਨਵੀਂ ਕਾਰਜਕਾਰਨੀ ਦੀਆਂ ਚੋਣਾਂ ਕਮੇਟੀ ਦੇ ਐਕਟ ਦੇ ਹਿਸਾਬ ਨਾਲ ਹੋਣਗੀਆਂ। ਅਦਾਲਤ ਦੀ ਹਰੀ ਝੰਡੀ ਲੈਣ ਪਿੱਛੋਂ ਗੁਰਦੁਆਰਾ ਚੋਣ ਕਮਿਸ਼ਨ ਨੇ ਸ਼ੁਰੂਆਤ ਕਰ ਦਿੱਤੀ ਸੀ। ਇਸ ਵਾਰ ਚੋਣਾਂ ਵਿੱਚ ਮੁੱਖ ਭੂਮਿਕਾ ਗੁਰਦੁਆਰਾ ਚੋਣ ਕਮਿਸ਼ਨ ਦੀ ਰਹੇਗੀ। ਆਮ ਚੋਣਾਂ ਤੋਂ ਬਾਅਦ ਹੋਣ ਵਾਲੇ ਪਹਿਲੇ ਹਾਊਸ ਦੇ ਵਾਂਗ ਹੀ ਪਹਿਲਾਂ ਪ੍ਰੋ-ਟੈਮ ਸਪੀਕਰ ਦੀ ਚੋਣ ਕੀਤੀ ਜਾਵੇਗੀ, ਜੋ ਪ੍ਰਧਾਨ ਦੀ ਚੋਣ ਕਰਾਏਗਾ।

# ਨਿਠਾਰੀ ਕਾਂਡ ਦੇ 10ਵੇਂ ਕੇਸ ਵਿੱਚ ਵੀ ਸੁਰਿੰਦਰ ਕੋਲੀ ਨੂੰ ਫਾਂਸੀ ਦੀ ਸਜ਼ਾ

ਗਾਜ਼ੀਆਬਾਦ, 3 ਮਾਰਚ (ਪੋਸਟ ਬਿਊਰੋ)- ਨਿਠਾਰੀ ਕਾਂਡ ਦੇ ਇੱਕ ਹੋਰ ਕੇਸ ਵਿੱਚ ਵੀ ਵਿਸ਼ੇਸ਼ ਸੀ ਬੀ ਆਈ ਜੱਜ ਅਮਿਤਵੀਰ ਸਿੰਘ ਦੀ ਕੋਰਟ ਨੇ ਕੱਲ੍ਹ ਇਸ ਦੇ ਦੋਸ਼ੀ ਸੁਰਿੰ-ਦਰ ਕੋਲੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਅਤੇ ਉਸ 'ਤੇ ਇੱਕ ਲੱਖ ਦਸ ਹਜ਼ਾਰ ਰੁਪਏ ਜੁਰਮਾਨਾ ਲਾਇਆ ਹੈ।



ਦੋਸ਼ੀ ਸੁਰਿੰਦਰ ਕੋਲੀ ਅਤੇ ਮੋਨਿੰਦਰ ਸਿੰਘ ਪੰਧੇਰ।

ਇਸ ਸੰਬੰਧ ਵਿੱਚ ਸੀ ਬੀ ਆਈ ਦੇ ਵਿਸ਼ੇਸ਼ ਸਰਕਾਰੀ ਵਕੀਲ ਜੇ ਪੀ ਸ਼ਰਮਾ ਨੇ ਦੱਸਿਆ ਕਿ ਪੱਛਮੀ ਬੰਗਾਲ ਦੀ 14 ਸਾਲਾ ਕੁੜੀ ਆਪਣੇ ਮਾਤਾ-ਪਿਤਾ ਨਾਲ ਨਿਠਾਰੀ ਵਿੱਚ ਰਹਿੰਦੀ ਸੀ। ਉਸ ਦੀ ਮਾਂ ਘਰਾਂ ਦਾ ਸਾਫ-ਸਫਾਈ ਦਾ ਕੰਮ ਕਰਦੀ ਸੀ ਅਤੇ ਉਹ ਵੀ ਮਾਂ ਦੇ ਕੰਮ ਵਿੱਚ ਮਦਦ ਕਰਦੀ ਸੀ। ਉਸ ਦਾ ਪਿਤਾ ਚਾਹ ਦੀ ਦੁਕਾਨ ਕਰਦਾ ਸੀ। 15 ਮਾਰਚ 2005 ਨੂੰ ਉਹ ਕੁੜੀ ਘਰੋਂ ਨੋਇਡਾ ਦੇ ਸੈਕਟਰ 31 ਗਈ ਸੀ। ਜਦ ਉਹ ਰਾਤ ਤੱਕ ਨਹੀਂ ਆਈ ਤਾਂ ਉਸ ਦੇ ਪਿਤਾ ਨੇ ਉਸ ਨੂੰ ਕਾਫੀ ਜਗ੍ਹਾ ਲੱਭਿਆ ਅਤੇ ਫਿਰ ਨੋਇਡਾ ਦੇ ਸੈਕਟਰ 20 ਥਾਣੇ ਨੂੰ 16 ਮਾਰਚ 2005 ਨੂੰ ਉਸ ਦੇ ਲਾਪਤਾ ਹੋਣ ਦੀ ਸ਼ਿਕਾਇਤ ਕੀਤੀ। ਲਗਾਤਾਰ ਗਾਇਬ ਹੁੰਦੇ ਬੱਚਿਆਂ ਬਾਰੇ ਜ਼ਿਲਾ ਨੋਇਡਾ ਪੁਲਸ ਨੇ 29 ਦਸੰਬਰ 2006 ਨੂੰ ਦੋਸ਼ੀ ਸੁਰਿੰਦਰ ਕੋਲੀ ਅਤੇ ਮੋਨਿੰਦਰ ਸਿੰਘ ਪੰਧੇਰ ਨੂੰ ਫੜ ਕੇ ਕੇਸ ਦਾ ਖੁਲਾਸਾ ਕੀਤਾ ਸੀ। ਸ਼ਰਮਾ ਨੇ ਦੱਸਿਆ ਕਿ ਕੋਲੀ ਨੇ ਪੁੱਛਗਿੱਛ ਦੌਰਾਨ ਮਹਿਲਾ ਅਤੇ ਬੱਚਿਆਂ ਦੀ ਹੱਤਿਆ ਕਰਨ ਦਾ ਜੁਰਮ ਮੰਨਿਆ ਸੀ। ਪੁਲਸ ਨੇ ਕੋਲੀ ਦੀ ਨਿਸ਼ਾਨਦੇਹੀ 'ਤੇ ਕੋਠੀ ਨੰਬਰ ਡੀ-5 ਦੇ ਪਿੱਛੇ ਨਾਲੇ ਵਿੱਚੋਂ ਬੱਚਿਆਂ ਦੀਆਂ ਹੱਡੀਆਂ, ਪਿੰਜਰ ਅਤੇ ਚੱਪਲਾਂ ਅਤੇ ਕੱਪੜੇ ਬਰਾਮਦ ਕੀਤੇ ਸਨ। ਬਾਅਦ ਵਿੱਚ ਇਹ ਮਾਮਲਾ ਜਾਂਚ ਦੇ ਲਈ ਕੇਂਦਰੀ ਜਾਂਚ ਬਿਊਰੋ ਨੂੰ ਸੌਂਪ ਦਿੱਤਾ ਗਿਆ। ਜਾਂਚ ਏਜੰਸੀ ਨੇ ਕੋਲੀ ਤੇ ਪੰਧੇਰ ਦੇ ਖਿਲਾਫ 19 ਕੇਸ ਦਰਜ ਕੀਤੇ ਸਨ। ਕੋਲੀ ਨੇ ਪੁੱਛਗਿੱਛ ਦੌਰਾਨ ਨਾਬਾਲਿਗਾ ਦੇ ਕਤਲ ਦਾ ਜੁਰਮ ਮੰਨਦੇ ਹੋਏ ਸੀ ਬੀ ਆਈ ਨੂੰ ਦੱਸਿਆ ਕਿ ਉਸ ਨੇ ਨਾਬਾਲਿਗਾ ਨੂੰ ਕੋਠੀ ਦੇ ਬਾਹਰ ਰੋਕ ਲਿਆ ਤੇ ਬਹਿਲਾ ਫੁਸਲਾ ਕੇ ਕੋਠੀ ਵਿੱਚ ਲੈ ਗਿਆ। ਕੋਰਟ ਨੇ ਸੁਣਵਾਈ ਦੇ ਬਾਅਦ ਸਬੂਤਾਂ ਅਤੇ ਗਵਾਹਾਂ ਦੇ ਬਿਆਨ ਉੱਤੇ ਕੋਲੀ ਨੂੰ ਦੋਸ਼ੀ ਕਰਾਰ ਦਿੱਤਾ ਸੀ। ਕੱਲ੍ਹ ਕੋਰਟ ਨੇ ਦੋਸ਼ੀ ਕੋਲੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਅਤੇ ਇੱਕ ਲੱਖ ਦਸ ਹਜ਼ਾਰ ਦਾ ਜੁਰਮਾਨਾ ਲਗਾਇਆ ਹੈ।

## ਜਮਾਤ-ਏ-ਇਸਲਾਮੀ ਉੱਤੇ ਪਾਬੰਦੀ ਦੇ ਸਿੱਟੇ ਖਤਰਨਾਕ ਨਿਕਲਣਗੇ: ਮਹਿਬੂਬਾ ਮੁਫਤੀ



ਸ੍ਰੀਨਗਰ, 3 ਮਾਰਚ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕੇਂਦਰ ਸਰਕਾਰ ਵੱਲੋਂ ਜਮਾਤ-ਏ-ਇਸਲਾਮੀ ਉੱਤੇ ਲਾਈ ਪਾਬੰਦੀ ਨੂੰ ਬਦਲਾ ਲਊ ਕਾਰਵਾਈ ਕਰਾਰ ਦਿੰਦੇ ਹੋਏ ਕੱਲ੍ਹ ਇਥੇ ਕਿਹਾ ਕਿ ਇਸ ਦੇ ਖਤਰਨਾਕ ਸਿੱਟੇ ਨਿਕਲਗੇ। ਪੀ ਡੀ ਪੀ ਦੇ ਮੁੱਖ ਦਫਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ, ਜਮਾਤ-ਏ-ਇਸਲਾਮੀ ਦੇ ਆਗੂਆਂ ਅਤੇ ਨੌਜਵਾਨਾਂ ਦੀ ਗ੍ਰਿਫਤਾਰੀ ਪਿੱਛੋਂ ਸੂਬੇ ਵਿੱਚ, ਖਾਸ ਤੌਰ ਉੱਤੇ ਕਸ਼ਮੀਰ ਵਾਦੀ ਵਿੱਚ ਬਦਲੇ ਦੀ ਅੱਗ ਭੜਕਦੀ ਨਜ਼ਰ ਆ ਰਹੀ ਹੈ। ਇਸ ਸੰਬੰਧ ਵਿੱਚ ਮਹਿਬੂਬਾ ਮੁਫਤੀ ਨੇ ਦਾਅਵਾ ਕੀਤਾ ਕਿ ਜਮਾਤ-ਏ-ਇਸਲਾਮੀ ਇੱਕ ਸਮਾਜਕ ਤੇ ਸਿਆਸੀ ਜਥੇਬੰਦੀ ਹੈ। ਇਸ ਦੀ ਇੱਕ ਵਿਚਾਰਧਾਰਾ ਹੈ ਤੇ ਮੈਂ ਨਹੀਂ ਸਮਝਦੀ ਕਿ ਜਥੇਬੰਦੀ ਦੇ ਕੁਝ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਕੇ ਇੱਕ ਵਿਚਾਰਧਾਰਾ ਨੂੰ ਕੈਦ ਕੀਤਾ ਜਾ ਸਕਦਾ ਹੈ। ਪੀ ਡੀ ਪੀ ਦੀ ਮੁਖੀ ਨੇ ਕਿਹਾ ਕਿ ਦੇਸ਼ ਵਿੱਚ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਵਾਰਦਾਤਾਂ ਲਈ ਜ਼ਿੰਮੇਵਾਰ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ, ਪਰ ਕਸ਼ਮੀਰ ਵਿੱਚ ਗਰੀਬਾਂ ਦੀ ਮਦਦ ਕਰ ਰਹੀ ਇੱਕ ਸਮਾਜਕ ਜਥੇਬੰਦੀ ਨੂੰ ਪਾਬੰਦੀ ਸ਼ੁਦਾ ਐਲਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਸ਼ਿਵ ਸੈਨਾ ਅਤੇ ਆਰ ਐੱਸ ਐੱਸ ਵਰਗੇ ਸੰਗਠਨਾਂ ਨੇ ਮਾਸ ਖਾਣ ਵਾਲਿਆਂ ਨੂੰ ਕੁੱਟ-ਕੁੱਟ ਕੇ ਕਤਲ ਕਰ ਦਿੱਤਾ, ਪਰ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਦੇ ਉਲਟ ਇੱਕ ਜਥੇਬੰਦੀ, ਜੋ ਸਕੂਲ ਚਲਾਉਂਦੀ ਅਤੇ ਗਰੀਬਾਂ ਦੀ ਮਦਦ ਕਰਦੀ ਹੈ, ਦੇ ਵਿਰੁੱਧ ਪਾਬੰਦੀ ਲਾ ਦਿੱਤੀ ਜਾਂਦੀ ਹੈ। ਮਹਿਬੂਬਾ ਨੇ ਚਿਤਾਵਨੀ ਦਿੱਤੀ ਕਿ ਉਹ ਅਜਿਹਾ ਨਹੀਂ ਹੋਣ ਦੇਣਗੇ, ਕਿਉਂਕਿ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਸਾਬਕਾ ਮੁੱਖ ਮੰਤਰੀ ਨੇ ਮਹਿਬੂਬਾ ਨੇ ਕਿਹਾ ਕਿ ਅਸੀਂ ਗਠਜੋੜ ਸਰਕਾਰ ਦੌਰਾਨ ਭਾਜਪਾ ਨੂੰ ਉਹ ਨਹੀਂ ਕਰਨਾ ਦਿੱਤਾ ਸੀ, ਜੋ ਅੱਜ ਕੱਲ੍ਹ ਕੀਤਾ ਜਾ ਰਿਹਾ ਹੈ, ਪਰ ਅਫਸੋਸ ਵਾਲੀ ਗੱਲ ਹੈ ਕਿ ਅੱਜ ਇਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ। ਜਦੋਂ ਕਿਸੇ ਕਸ਼ਮੀਰੀ ਨੂੰ ਕੁਟਾਪਾ ਚਾੜ੍ਹਿਆ ਜਾਂਦਾ ਹੈ ਤਾਂ ਲੋਕ ਤਾੜੀਆਂ ਵਜਾਉਂਦੇ ਹਨ ਅਤੇ ਖੁਸ਼ ਹੁੰਦੇ ਹਨ।

# ਦੇਵਗੌੜਾ 12 ਤੋਂ ਘੱਟ ਸੀਟਾਂ ਨਾਲ ਵੀ ਕਾਂਗਰਸ ਨਾਲ ਸਮਝੌਤੇ ਨੂੰ ਤਿਆਰ

ਬੈਂਗਲੂਰੂ, 3 ਮਾਰਚ (ਪੋਸਟ ਬਿਊਰੋ)- ਕਰਨਾਟਕ ਵਿੱਚ ਕਾਂਗਰਸ ਨਾਲ ਲੋਕ ਸਭਾ ਚੋਣ ਵਿੱਚ ਸੀਟਾਂ ਵੰਡ ਵਾਸਤੇ ਸਖ਼ਤ ਰੁਖ਼ ਧਾਰਨ ਵਾਲੇ ਜਨਤਾ ਦਲ (ਐੱਸ) ਦੇ ਮੁਖੀ ਐੱਚ ਡੀ ਦੇਵਗੌੜਾ ਨਰਮ ਵਿਖਾਈ ਦੇਣ ਲੱਗੇ ਹਨ।



ਅੱਜ ਮੰਗਲੂਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੇਵਗੌੜਾ ਨੇ ਕਿਹਾ ਕਿ 12 ਸੀਟਾਂ ਦੀ ਮੰਗ ਉੱਤੇ ਸਾਡੀ ਪਾਰਟੀ ਅੜੀ ਨਹੀਂ ਰਹੇਗੀ। ਉਨ੍ਹਾਂ ਕਿਹਾ ਕਿ ਸੀਟਾਂ ਬਾਰੇ ਸਮਝੌਤੇ ਦੇ ਮੁੱਦੇ ਉੱਤੇ ਕਾਂਗਰਸ ਦੀ ਮਾਨਸਿਕਤਾ ਸਾਡੇ ਵਰਗੀ ਹੀ ਹੈ। ਸਾਡੇ ਵਿਚਾਲੇ ਮੱਤਭੇਦ ਦੀ ਕੋਈ ਥਾਂ ਨਹੀਂ, ਸਾਡਾ ਮੁੱਖ ਉਦੇਸ਼ ਭਾਜਪਾ ਨੂੰ ਰੋਕਣਾ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਕਿਹਾ ਹੈ ਕਿ ਸਾਨੂੰ 12 ਸੀਟਾਂ ਚਾਹੀਦੀਆਂ ਹਨ, ਪਰ ਇਹ ਨਹੀਂ ਕਿਹਾ ਕਿ ਇੰਨੀਆਂ ਸੀਟਾਂ ਲੈਣੀਆਂ ਹੀ ਹਨ, ਅਸੀਂ ਆਪਣੇ ਸਟੈਂਡ ਵਿੱਚ ਕੁਝ ਬਦਲਾਅ ਕੀਤਾ ਹੈ, ਅਜੇ ਆਖਰੀ ਫ਼ੈਸਲਾ ਬਾਕੀ ਹੈ।

ਲੋਕ ਸਭਾ ਚੋਣਾਂ ਲਈ ਸੀਟ ਵੰਡ ਬਾਰੇ ਕਾਂਗਰਸ ਅਤੇ ਜਨਤਾ ਦਲ (ਐੱਸ) ਵਿਚਾਲੇ ਛੇਤੀ ਮੀਟਿੰਗ ਦੀ ਸੰਭਾਵਨਾ ਹੈ। ਗੱਠਜੋੜ ਦੀ ਪਹਿਲੀ ਮੀਟਿੰਗ 25 ਫਰਵਰੀ ਨੂੰ ਹੋਈ ਸੀ, ਪਰ ਇਸ ਵਿਚ ਸੀਟਾਂ ਦੀ ਵੰਡ ਦੀ ਗੱਲ ਨਹੀਂ ਬਣੀ ਸੀ। ਇਸ ਦੌਰਾਨ ਕਰਨਾਟਕ ਦੇ ਆਪਣੇ ਗੜ੍ਹ ਮਾਂਡਿਆ ਤੋਂ ਚੋਣ ਲੜਨ ਉੱਤੇ ਜ਼ੋਰ ਦਿੰਦੇ ਹੋਏ ਜਨਤਾ ਦਲ (ਐੱਸ) ਦੀ ਹਾਈ ਕਮਾਂਡ ਨੇ ਸੰਕੇਤ ਕਰ ਦਿੱਤਾ ਹੈ ਕਿ ਓਥੋਂ ਮੁੱਖ ਮੰਤਰੀ ਕੁਮਾਰਸਵਾਮੀ ਦੇ ਪੁੱਤਰ ਨਿਖਿਲ ਕੁਮਾਰਸਵਾਮੀ ਚੋਣ ਲੜ ਸਕਦੇ ਹਨ। ਇਸ ਤਰ੍ਹਾਂ ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵਗੌੜਾ ਦਾ ਇੱਕ ਹੋਰ ਪੋਤਾ ਰਾਜਨੀਤੀ ਵਿੱਚ ਆ ਜਾਵੇਗਾ। ਪਹਿਲਾਂ ਇੱਕ ਪੋਤਾ ਪ੍ਰਜਵਲ ਰੇਵੰਨਾ ਬਾਰੇ ਓਥੋਂ ਦੀ ਹਸਨ ਸੀਟ ਤੋਂ ਚੋਣ ਲੜਨ ਦੇ ਸੰਕੇਤ ਮਿਲ ਚੁੱਕੇ ਹਨ।

## ਭਾਰਤੀ ਮੂਲ ਦੀ ਵੈਸ਼ਨਵੀ ਨੇ ਦੋ ਵਾਰ ਕੈਂਸਰ ਨਾਲ ਜੰਗ ਲੜੀ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਮਲੇਸ਼ੀਆ ਵਿੱਚ ਰਹਿੰਦੀ ਭਾਰਤੀ ਮੂਲ ਦੀ ਵੈਸ਼ਨਵੀ ਪੂਵੇਂਦਰਨ ਨੂੰ ਬ੍ਰੈਸਟ ਕੈਂਸਰ ਹੋ ਗਿਆ ਸੀ। ਇਲਾਜ ਅਤੇ ਕੀਮੋਥੈਰੇਪੀ ਦੇ ਬਾਅਦ ਜਦ ਲੱਗਾ ਕਿ ਉਹ ਪੂਰੀ ਤਰ੍ਹਾਂ ਠੀਕ ਹੋ ਗਈ ਅਤੇ ਕੈਂਸਰ ਫਰੀ ਹੋ ਚੁੱਕੀ ਹੈ ਤਾਂ ਉਸੇ ਵਕਤ ਉਸ ਨੂੰ ਪਤਾ ਲੱਗਾ ਕਿ ਉਸ ਦਾ ਕੈਂਸਰ ਲੀਵਰ ਤੇ ਰੀੜ ਦੀ ਹੱਡੀ ਵਿੱਚ ਫੈਲ ਚੁੱਕਾ ਹੈ। ਉਸ ਨੇ ਦੋਬਾਰਾ ਟ੍ਰੀਟਮੈਂਟ ਅਤੇ ਕੀਮੋਥੈਰੇਪੀ ਕਰਵਾਈ ਤੇ ਪੰਜ ਸਾਲ ਤੱਕ ਇਲਾਜ ਚੱਲਣ ਦੇ ਬਾਅਦ 2018 ਵਿੱਚ ਉਸ ਨੂੰ ਫਿਰ ਤੋਂ ਕੈਂਸਰ ਫ੍ਰੀ ਕਰਾਰ ਦਿੱਤਾ ਗਿਆ। ਵੈਸ਼ਣਵੀ ਕਹਿੰਦੀ ਹੈ ਕਿ ਆਪਣੇ ਵਾਲਾਂ ਨੂੰ ਗੁਆਉਣਾ ਮੇਰੇ ਲਈ ਸਭ ਤੋਂ ਵੱਡੀ ਚੁਣੌਤੀ ਸੀ। ਮੈਨੂੰ ਇੰਝ ਲੱਗਾ ਕਿ ਮੈਂ ਓਨੀ ਖੂਬਸੂਰਤ ਨਹੀਂ ਰਹੀ ਕਿ ਕੋਈ ਮੈਨੂੰ ਪਿਆਰ ਕਰੇ।

# ਕੈਦੀ ਦੀਆਂ ਕਵਿਤਾਵਾਂ ਪੜ੍ਹਨ ਮਗਰੋਂ ਕੋਰਟ ਨੇ ਫਾਂਸੀ ਦੀ ਸਜ਼ਾ ਰੱਦ ਕੀਤੀ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਜੇਲ੍ਹ ਵਿਚ ਸਜ਼ਾ ਕੱਟ ਰਹੇ ਇਕ ਕੈਦੀ ਦੀ ਮੌਤ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਉਮਰ ਕੈਦ ਵਿਚ ਬਦਲ ਦਿਤਾ ਹੈ। ਉਸ ਨੂੰ ਇਕ ਬੱਚੇ ਦਾ ਕਤਲ ਦੇ ਦੋਸ਼ ਵਿਚ ਮੌਤ ਦੀ ਸਜ਼ਾ ਕੀਤੀ ਗਈ ਸੀ। ਜੇਲ੍ਹ ਵਿਚ ਉਸ ਕੈਦੀ ਨੇ ਜਦੋਂ ਕਵਿਤਾਵਾਂ ਲਿਖੀਆਂ ਤਾਂ ਸਾਫ਼ ਜ਼ਾਹਰ ਹੋ ਰਿਹਾ ਸੀ ਕਿ ਉਸ ਨੇ ਅਪਣੀ ਗਲਤੀ ਮੰਨ ਲਈ ਤੇ ਸੁਧਰਨਾ ਚਾਹੁੰਦਾ ਹੈ। ਇਸ ਗੱਲ ਨੂੰ ਸੁਪਰੀਮ ਕੋਰਟ ਨੇ ਵੇਖਿਆ ਤੇ ਫਾਂਸੀ ਦੀ ਸਜ਼ਾ ਰੱਦ ਕੀਤੀ ਹੈ।



ਜਸਟਿਸ ਏ ਕੇ ਸੀਕਰੀ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਦਾਨੇਸ਼ਵਰ ਸੁਰੇਸ਼ ਨੇ ਜਦੋਂ ਬੱਚੇ ਦਾ ਕਤਲ ਕੀਤਾ ਸੀ, ਓਦੋਂ ਉਹ 22 ਸਾਲਾਂ ਦੀ ਸੀ। ਉਸ ਦੀਆਂ ਲਿਖੀਆਂ ਕਵਿਤਾਵਾਂ ਤੋਂ ਜ਼ਾਹਿਰ ਹੁੰਦਾ ਸੀ ਕਿ ਉਹ ਸਮਾਜ ਨਾਲ ਜੁੜਨਾ ਚਾਹੁੰਦਾ ਤੇ ਆਮ ਆਦਮੀ ਦੀ ਜ਼ਿੰਦਗੀ ਜਿਉਣਾ ਚਾਹੁੰਦਾ ਹੈ। ਬੈਂਚ ਨੇ ਇਸ ਉਤੇ ਹੁਕਮ ਦਿੱਤਾ ਕਿ ਉਸ ਦੀਆਂ ਕਵਿਤਾਵਾਂ ਸਮੇਤ ਹੋਰ ਵੀ ਸਬੂਤ ਹਨ, ਜਿਸ ਤੋਂ ਲੱਗਦਾ ਹੈ ਕਿ ਉਸ ਨੇ ਗਲਤੀ ਮੰਨ ਲਈ ਹੈ। ਉਸ ਨੂੰ ਅਦਾਲਤ ਵੱਲੋਂ ਦਿੱਤੀ ਮੌਤ ਦੀ ਸਜ਼ਾ ਸੁਪਰੀਮ ਕੋਰਟ ਦੇ ਬੈਂਚ ਨੇ ਰੱਦ ਕਰ ਕੇ ਉਮਰ ਕੈਦ ਵਿਚ ਬਦਲ ਦਿਤੀ ਹੈ। ਉਸ ਨੂੰ ਪੁਣੇ ਟਰਾਇਲ ਕੋਰਟ ਨੇ ਮੌਤ ਦੀ ਸਜ਼ਾ ਦਿਤੀ ਅਤੇ ਬੰਬੇ ਹਾਈ ਕੋਰਟ ਨੇ ਕਾਇਮ ਰੱਖਿਆ ਸੀ। ਮਈ 2006 ਵਿਚ ਉਸ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਤਾਂ ਕੋਰਟ ਨੇ ਮੌਤ ਦੀ ਸਜ਼ਾ ਨੂੰ ਰੱਦ ਕਰ ਦਿਤਾ। ਦੋਸ਼ੀ ਦੇ ਵਕੀਲ ਨੇ ਦੱਸਿਆ ਕਿ ਉਸ ਨੇ ਜੇਲ੍ਹ ਵਿਚ ਏਦਾਂ ਦੀਆਂ ਕਵਿਤਾਵਾਂ ਲਿਖੀਆਂ ਸਨ ਕਿ ਉਸ ਤੋਂ ਉਸ ਦੀ ਬਦਲੀ ਹੋਈ ਨੀਤ ਦੀ ਸਾਫ ਝਲਕ ਮਿਲਣ ਲੱਗੀ ਸੀ।

## ਸਾਬਕਾ ਪੁਲਸ ਕਮਿਸ਼ਨਰ ਨੂੰ ਮਮਤਾ ਸਰਕਾਰ ਨੇ ਦੋ ਹੋਰ ਵੱਕਾਰੀ ਅਹੁਦੇ ਦਿੱਤੇ

ਕੋਲਕਾਤਾ, 3 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਸਰਕਾਰ ਨੇ ਕੋਲਕਾਤਾ ਦੇ ਸਾਬਕਾ ਪੁਲਸ ਕਮਿਸ਼ਨਰ ਰਾਜੀਵ ਕੁਮਾਰ ਨੂੰ ਆਰਥਿਕ ਅਪਰਾਧ ਸਟੇਟ ਡਾਇਰੈਕਟੋਰੇਟ ਅਤੇ ਕੋਲਕਾਤਾ ਪੁਲਸ ਦੇ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਦਾ ਵਧੀਕ ਕਾਰਜ ਭਾਰ ਸੌਂਪਿਆ ਹੈ। ਗ੍ਰਹਿ ਵਿਭਾਗ ਦੇ ਅਫਸਰ ਨੇ ਕੱਲ੍ਹ ਦੱਸਿਆ ਕਿ ਕੁਮਾਰ ਨੇ ਪੁਲਸ ਕਮਿਸ਼ਨਰ ਵਜੋਂ ਕਾਰਜਕਾਲ ਪੂਰਾ ਹੋਣ ਮਗਰੋਂ ਸੂਬੇ ਵਿੱਚ ਸੀ ਆਈ ਡੀ ਮੁਖੀ ਦਾ ਅਹੁਦਾ ਸੰਭਾਲਿਆ ਹੈ। ਉਹ ਅਗਲੇ ਹੁਕਮਾਂ ਤਾਈਂ ਵਧੀਕ ਕਾਰਜਭਾਰ ਸੰਭਾਲੀ ਰੱਖਣਗੇ।

ਰਾਜੀਵ ਕੁਮਾਰ 1989 ਬੈਚ ਦੇ ਆਈ ਪੀ ਐੱਸ ਅਫਸਰ ਹਨ। ਉਹ ਸ਼ਾਰਧਾ ਚਿਟ ਫੰਡ ਅਤੇ ਰੋਜ਼ਵੈਲੀ ਕੇਸਾਂ ਵਿੱਚ ਸੀ ਬੀ ਆਈ ਜਾਂਚ ਕਾਰਨ ਵਿਵਾਦਾਂ ਵਿੱਚ ਆ ਗਏ ਸਨ। ਸੀ ਬੀ ਆਈ ਅਫਸਰਾਂ ਦੀ ਇੱਕ ਟੀਮ ਤਿੰਨ ਫਰਵਰੀ ਨੂੰ ਜਦੋਂ ਰਾਜੀਵ ਦੇ ਘਰ ਗਈ ਤਾਂ ਉਸ ਨੂੰ ਰੋਕ ਦਿੱਤਾ ਗਿਆ ਸੀ। ਇਹ ਟੀਮ ਚਿਟਫੰਡ ਘੋਟਾਲੇ ਵਿੱਚ ਉਨ੍ਹਾਂ ਤੋਂ ਪੁੱਛ ਪੜਤਾਲ ਕਰਨ ਗਈ ਸੀ। ਉਸ ਸਮੇਂ ਉਹ ਕੋਲਕਾਤਾ ਵਿੱਚ ਪੁਲਸ ਕਮਿਸ਼ਨਰ ਵਜੋਂ ਕੰਮ ਕਰਦੇ ਸਨ। ਇਸ ਮਗਰੋਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੰਵਿਧਾਨਕ ਨਿਯਮਾਂ ਉੱਤੇ ਹਮਲੇ ਦਾ ਹਵਾਲਾ ਦਿੱਤਾ ਤੇ ਧਰਨੇ 'ਤੇ ਬੈਠ ਗਈ ਸੀ। ਸੁਪਰੀਮ ਕੋਰਟ ਨੇ ਪੰਜ ਫਰਵਰੀ ਨੂੰ ਰਾਜੀਵ ਨੂੰ ਹੁਕਮ ਦਿੱਤਾ ਸੀ ਕਿ ਉਹ ਜਾਂਚ ਦੇ ਸੰਬੰਧ ਵਿੱਚ ਸੀ ਬੀ ਆਈ ਅੱਗੇ ਪੇਸ਼ ਹੋਵੇ।

ਇਸ ਮਾਮਲੇ ਵਿੱਚ ਖਾਸ ਗੱਲ ਹੈ ਕਿ ਅਦਾਲਤ ਨੇ ਇਹ ਕਿਹਾ ਸੀ ਕਿ ਰਾਜੀਵ ਕੁਮਾਰ ਦੇ ਵਿਰੁੱਧ ਜਬਰੀ ਕੋਈ ਕਦਮ ਨਾ ਚੁੱਕਿਆ ਜਾਵੇ। ਇਸ ਪਿੱਛੋਂ ਸੀ ਬੀ ਆਈ ਨੇ ਕੁਮਾਰ ਤੋਂ ਸ਼ਿਲਾਂਗ ਵਿੱਚ ਪੰਜ ਦਿਨ ਤੀਕ ਪੁੱਛ ਪੜਤਾਲ ਕੀਤੀ ਸੀ। ਉਥੋਂ ਪਰਤਣ ਮਗਰੋਂ ਫਰਵਰੀ ਦੇ ਤੀਜੇ ਹਫਤੇ ਵਿੱਚ ਰਾਜੀਵ ਕੁਮਾਰ ਨੂੰ ਕਮਿਸ਼ਨਰ ਦੇ ਅਹੁਦੇ ਤੋਂ ਹਟਾ ਕੇ ਸੀ ਆਈ ਡੀ ਵਿੱਚ ਏ ਡੀ ਜੀ ਬਣਾ ਗਿਆ ਸੀ। ਇਸ ਮਗਰੋਂ ਦੋ ਹੋਰ ਮੁੱਖ ਅਹੁਦਿਆਂ 'ਤੇ ਲਗਾ ਦਿੱਤਾ ਗਿਆ ਹੈ।

# ਭਾਜਪਾ ਵਿਧਾਇਕ ਮਨੁੱਖੀ ਬੰਬ ਬਣ ਕੇ ਪਾਕਿ ਜਾਣਾ ਚਾਹੁੰਦੈ



ਅਹਿਮਦਾਬਾਦ, 3 ਮਾਰਚ (ਪੋਸਟ ਬਿਊਰੋ)- ਆਪਣੇ ਉਲਟੇ-ਸਿੱਧੇ ਬਿਆਨਾਂ ਤੇ ਅੜਬੰਗਪੁਣੇ ਲਈ ਚਰਚਿਤ ਗੁਜਰਾਤ ਦੇ ਭਾਜਪਾ ਵਿਧਾਇਕ ਮਧੂ ਸ਼੍ਰੀਵਾਸਤਵ ਨੇ ਮਨੁੱਖੀ ਬੰਬ ਬਣ ਕੇ ਪਾਕਿਸਤਾਨ ਜਾਣ ਦੀ ਇੱਛਾ ਪ੍ਰਗਟ ਕਰ ਦਿੱਤੀ ਹੈ। ਉਸ ਦਾ ਕਹਿਣਾ ਹੈ ਕਿ ਉਹ ਆਪਣੇ ਜਵਾਨਾਂ ਦੀ ਮੌਤ ਦਾ ਬਦਲਾ ਲੈਣ ਲਈ 500 ਪਾਕਿਸਤਾਨੀਆਂ ਨੂੰ ਓਥੇ ਮਾਰ ਕੇ ਆਉਣਾ ਚਾਹੁੰਦਾ ਹੈ। ਇਸ ਬਿਆਨ ਤੋਂ ਲੋਕ ਹੈਰਾਨ ਹਨ।

ਵਡੋਦਰਾ ਜ਼ਿਲ੍ਹੇ ਦੇ ਵਾਘੋਡੀਆ ਹਲਕੇ ਤੋਂ ਭਾਜਪਾ ਵਿਧਾਇਕ ਮਧੂ ਸ਼੍ਰੀਵਾਸਤਵ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਮਾਰੇ ਗਏ 44 ਜਵਾਨਾਂ ਦਾ ਬਦਲਾ ਲੈਣ ਲਈ ਉਹ ਪਾਕਿਸਤਾਨ ਜਾਣਾ ਚਾਹੁੰਦਾ ਹੈ। ਉਸ ਨੇ ਇੱਛਾ ਪ੍ਰਗਟ ਕੀਤੀ ਹੈ ਕਿ ਮਨੁੱਖੀ ਬੰਬ ਬਣ ਕੇ ਉਹ ਪਾਕਿਸਤਾਨ ਜਾ ਕੇ 500 ਲੋਕਾਂ ਨੂੰ ਮਾਰਨਾ ਚਾਹੁੰਦਾ ਹੈ, ਭਾਵੇਂ ਖੁਦ ਉਸ ਦੀ ਜਾਨ ਕਿਉਂ ਨਾ ਚਲੀ ਜਾਵੇ। ਵਡੋਦਰਾ ਬੈਸਟ ਬੇਕਰੀ ਕਾਂਡ ਦੇ ਕਤਲਾਂ ਪਿੱਛੋਂ ਸ਼੍ਰੀਵਾਸਤਵ ਪਹਿਲੀ ਵਾਰੀ ਚਰਚਾ ਵਿੱਚ ਆਇਆ ਸੀ। ਉਸ ਦੇ ਬਾਅਦ ਕਦੇ ਹਵਾ ਵਿਚ ਫਾਇਰਿੰਗ ਕਰਨ ਤੇ ਕਦੇ ਘੋੜਸਵਾਰੀ ਅਤੇ ਕੋਆਪਰੇਟਿਵ ਚੋਣ ਵਿੱਚ ਦਾਦਾਗਿਰੀ ਲਈ ਉਹ ਚਰਚਿਤ ਰਹਿ ਚੁੱਕਾ ਹੈ। ਸ਼੍ਰੀਵਾਸਤਵ ਗੁਜਰਾਤੀ ਫਿਲਮਾਂ ਵਿੱਚ ਐਕਟਿੰਗ ਵੀ ਕਰਦਾ ਹੈ।

## ਆਪ ਨੇ ਦਿੱਲੀ ਦੀਆਂ ਛੇ ਲੋਕ ਸਭਾ ਸੀਟਾਂ ਲਈ ਉਮੀਦਵਾਰ ਐਲਾਨੇ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਦਿੱਲੀ ਤੋਂ ਇੱਕ ਸੀਟ ਛੱਡ ਕੇ ਬਾਕੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਤੇ ਕਿਹਾ ਹੈ ਕਿ ਉਹ ਕਾਂਗਰਸ ਨਾਲ ਸਮਝੌਤਾ ਨਹੀਂ ਕਰੇਗੀ।

ਇਸ ਸੰਬੰਧ ਵਿੱਚ ਆਮ ਆਦਮੀ ਪਾਰਟੀ ਨੇ ਨਵੀਂ ਦਿੱਲੀ ਲੋਕ ਸਭਾ ਹਲਕੇ ਤੋਂ ਬ੍ਰਿਜੇਸ਼ ਗੋਇਲ ਨੂੰ ਉਮੀਦਵਾਰ ਬਣਾਇਆ ਹੈ, ਜਿੱਥੋਂ ਪਿਛਲੇ ਸਾਲ ਭਾਜਪਾ ਦੀ ਮੀਨਾਕਸ਼ੀ ਲੇਖੀ ਜਿੱਤ ਸੀ। ਦਿੱਲੀ ਸਰਕਾਰ ਦੇ ਸਿਖਿਆ ਖੇਤਰ ਵਿੱਚ ਅਹਿਮ ਕੰਮ ਕਰ ਕੇ ਚਰਚਿਤ ਹੋਈ ਆਤਿਸ਼ੀ ਨੂੰ ਪੂਰਬੀ ਦਿੱਲੀ ਤੋਂ ਚੋਣ ਮੈਦਾਨ ਵਿੱਚ ਲਿਆਂਦਾ ਹੈ, ਜਿੱਥੋਂ ਭਾਜਪਾ ਦੇ ਮਹੇਸ਼ ਗਿਰੀ ਜਿੱਤੇ ਸਨ। ਭਾਜਪਾ ਦੇ ਸੂਬਾ ਪ੍ਰਧਾਨ ਮਨੋਜ ਤਿਵਾੜੀ ਦੇ ਹਲਕੇ ਉਤਰ ਪੂਰਬੀ ਤੋਂ ਆਮ ਆਦਮੀ ਪਾਰਟੀ ਨੇ ਦਿੱਲੀ ਪ੍ਰਦੇਸ਼ ਇਕਾਈ ਦੇ ਸਾਬਕਾ ਕਨਵੀਨਰ ਦਲੀਪ ਪਾਂਡੇ ਨੂੰ ਉਮੀਦਵਾਰ ਐਲਾਨਿਆ ਹੈ। ਦੱਖਣੀ ਦਿੱਲੀ ਤੋਂ ਇਸ ਪਾਰਟੀ ਦੇ ਵਿੱਤੀ ਮਾਮਲਿਆਂ ਨਾਲ ਜੁੜੇ ਨੌਜਵਾਨ ਚਾਰਟਰਡ ਅਕਾਊਂਟੈਂਟ ਰਾਘਵ ਚੱਢਾ ਉਮੀਦਵਾਰ ਹੋਣਗੇ। ਉਹ ਪਹਿਲਾਂ ਦਿੱਲੀ ਸਰਕਾਰ ਨੇ ਵਿੱਤ ਮਹਿਕਮੇ ਵਿੱਚ ਸਲਾਹਕਾਰ ਵੀ ਸਨ। ਦੱਖਣੀ ਦਿੱਲੀ ਤੋਂ ਸਾਲ 2014 ਵਿੱਚ ਭਾਜਪਾ ਦੇ ਰਮੇਸ਼ ਬਿਧੂੜੀ ਜਿੱਤੇ ਸਨ। ਆਮ ਆਦਮੀ ਪਾਰਟੀ ਨੇ ਤਿੰਨ ਨਵੇਂ ਚਿਹਰੇ ਵੀ ਪੇਸ਼ ਕੀਤੇ ਹਨ। ਚਾਂਦਨੀ ਚੌਕ ਤੋਂ ਪੰਕਜ ਗੁਪਤਾ ਐਲਾਨੇ ਹਨ, ਜਿੱਥੋਂ ਇਸ ਵੇਲੇ ਕੇਂਦਰੀ ਮੰਤਰੀ ਡਾਕਟਰ ਹਰਸ਼ਵਰਧਨ ਨੁਮਾਇੰਦਗੀ ਕਰ ਰਹੇ ਹਨ। ਉੱਤਰੀ-ਪੱਛਮੀ ਦਿੱਲ ਤੋਂ ਗੁਗਨ ਸਿੰਘ ਰੰਗਾ ਨੂੰ ਟਿਕਟ ਦਿੱਤੀ ਹੈ ਜਿੱਥੋਂ ਭਾਜਪਾ ਦੇ ਉਦਿਤ ਰਾਜ ਜਿੱਤੇ ਸਨ। ਪੱਛਮੀ ਦਿੱਲੀ ਤੋਂ ਅਜੇ ਉਮੀਦਵਾਰ ਦੀ ਚੋਣ ਹੋਣੀ ਹੈ ਤੇ ਇਥੋਂ ਕਿਸੇ ਖਾਸ ਨੀਤੀ ਤਹਿਤ ਉਮੀਦਵਾਰ ਨਹੀਂ ਐਲਾਨਿਆ ਗਿਆ।

## ਤਾਮਿਲ ਨਾਡੂ ਵਿੱਚ ਮਾਂ-ਬੇਟੀ ਨੂੰ ਨੌਕਰੀ ਇਕੱਠਿਆਂ ਮਿਲੀ

ਚੇਨਈ, 3 ਮਾਰਚ (ਪੋਸਟ ਬਿਊਰੋ)- ਤਾਮਿਲ ਨਾਡੂ ਵਿੱਚ ਥੇਨੀ ਜ਼ਿਲ੍ਹੇ ਦੀ ਤਿੰਨ ਬੱਚਿਆਂ ਦੀ ਮਾਂ ਸ਼ਾਂਤੀਲਛਮੀ ਤੇ ਉਸ ਦੀ 28 ਸਾਲਾ ਧੀ ਆਰ ਥੇਨਮੋਝੀ ਨੇ ਤਾਮਿਲ ਨਾਡੂ ਰਾਜ ਸਰਵਿਸਿਜ਼ ਕਮਿਸ਼ਨ ਗਰੁੱਪ 4 ਦੀ ਪ੍ਰੀਖਿਆ ਪਾਸ ਕਰ ਕੇ ਸਰਕਾਰੀ ਨੌਕਰੀ ਲੈ ਲਈ ਹੈ। ਸ਼ਾਂਤੀਲਛਮੀ ਦੀ ਸਿਹਤ ਵਿਭਾਗ ਵਿੱਚ ਨਿਯੁਕਤੀ ਹੋਵੇਗੀ। ਉਸ ਦੀ ਬੇਟੀ



ਥੇਨੀਮੋਝੀ ਨੂੰ ਦੂਸਰੇ ਵਿਭਾਗ ਦਾ ਨੌਕਰੀ ਮਿਲੀ ਹੈ। ਬੀ ਐਡ ਕਰ ਚੁੱਕੀ 47 ਸਾਲਾ ਸ਼ਾਂਤੀਲਛਮੀ ਤੇ ਤਮਿਲ ਸਾਹਿਤ ਵਿੱਚ ਬੀ ਏ ਕਰ ਚੁੱਕੀ ਥੇਨੀਮੋਝੀ ਨੇ ਨੌਕਰੀ ਲਈ ਪਿਛਲੇ ਸਾਲ ਇਕੱਠੇ ਮੁਕਾਬਲਾ ਪ੍ਰੀਖਿਆ ਦੀ ਕੋਚਿੰਗ ਸ਼ੁਰੂ ਕੀਤੀ ਸੀ।

ਸ਼ਾਂਤੀਲਛਮੀ ਨੇ ਦੱਸਿਆ ਕਿ 2014 ਵਿੱਚ ਉਸ ਦੇ ਪਤੀ ਦੀ ਮੌਤ ਪਿੱਛੋਂ ਪਰਵਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਆ ਗਈ ਤਾਂ ਉਸ ਨੂੰ ਲੱਗਾ ਕਿ ਨੌਕਰੀ ਜ਼ਰੂਰੀ ਹੈ। ਇਸ ਪਿੱਛੋਂ ਬੇਟੀ ਦੇ ਨਾਲ ਹੀ ਕੋਚਿੰਗ ਜੁਆਇਨ ਕੀਤੀ। ਬੱਚਿਆਂ ਦੀ ਦੇਖਭਾਲ ਅਤੇ ਬਾਕੀ ਪਰਵਾਰਕ ਜ਼ਿੰਮੇਵਾਰੀ ਕਾਰਨ ਜਦ ਉਹ ਕਲਾਸ ਨਾ ਜਾ ਸਕਦੀ ਤਾਂ ਬੇਟੀ ਉਨ੍ਹਾਂ ਨੂੰ ਘਰ 'ਤੇ ਕੋਚਿੰਗ ਕਲਾਸ ਦੀ ਪੜ੍ਹਾਈ ਕਰਾਉਂਦੀ ਸੀ। ਕੋਚਿੰਗ ਦੇਣ ਵਾਲੇ ਜੀ ਸੇਂਥਿਲ ਕੁਮਾਰ ਨੇ ਦੱਸਿਆ ਕਿ ਸ਼ਾਂਤੀਲਛਮੀ ਬੇਟੀ ਦੇ ਨਾਲ ਐਡਮਿਸ਼ਨ ਕਰਾਉਣ ਦੇ ਲਈ ਆਈ ਸੀ। ਅਸੀਂ ਕਿਹਾ ਕਿ ਤੁਸੀਂ ਵੀ ਕੋਚਿੰਗ ਵਿੱਚ ਸ਼ਾਮਲ ਹੋ ਸਕਦੇ ਹੋ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਪਾਕਿ ਨੇ ਮੰਨਿਆ ਮਸੂਦ ਅਜ਼ਹਰ ਸਾਡੇ ਦੇਸ਼ ਵਿੱਚ ਹੈ, ਪਰ ਬੀਮਾਰ

ਇਸਲਾਮਾਬਾਦ, 3 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਨੇ ਜਨਤਕ ਤੌਰ ਉੱਤੇ ਇਹ ਸੱਚ ਮੰਨ ਲਿਆ ਹੈ ਕਿ ਜੈਸ਼-ਏ-ਮੁਹੰਮਦ ਦਾ ਮੁਖੀਆ ਮਸੂਦ ਅਜ਼ਹਰ ਇਸ ਦੇਸ਼ ਵਿਚ ਹੀ ਮੌਜੂਦ ਹੈ। ਅੱਜ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਇਕ ਟੀ ਵੀ ਚੈਨਲ ਨੂੰ ਦਿੱਤੇ ਇੰਟਰਵਿਊ ਵਿਚ ਮੰਨ ਲਿਆ ਕਿ ਮਸੂਦ ਅਜ਼ਹਰ ਪਾਕਿਸਤਾਨ ਵਿਚ ਹੈ। ਟੀ ਵੀ ਐਂਕਰ ਨੇ ਜਦੋਂ ਕੁਰੈਸ਼ੀ ਕੋਲੋਂ ਮਸੂਦ ਅਜ਼ਹਰ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਮਸੂਦ ਅਜ਼ਹਰ ਪਾਕਿਸਤਾਨ ਵਿਚ ਹੈ ਤੇ ਬਹੁਤ ਬੀਮਾਰ ਹੈ। ਉਹ ਇੰਨਾ ਜ਼ਿਆਦਾ ਬੀਮਾਰ ਹੈ ਕਿ ਉਹ ਆਪਣੇ ਘਰੋਂ ਬਾਹਰ ਨਹੀਂ ਨਿਕਲ ਸਕਦਾ।

ਅੱਤਵਾਦ ਵਿਰੁੱਧ ਕਾਰਵਾਈ ਬਾਰੇ ਭਾਰਤ ਤੇ ਅੰਤਰਰਾਸ਼ਟਰੀ ਭਾਈਚਾਰੇ ਦੇ ਜ਼ੋਰਦਾਰ ਦਬਾਅ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦਾ ਵਿਦੇਸ਼ ਮੰਤਰੀ ਫਿਰ ਚਾਲਾਂ ਚੱਲਦਾ ਰਿਹਾ। ਐਂਕਰ ਨੇ ਜਦੋਂ ਵਿਦੇਸ਼ ਮੰਤਰੀ ਕੁਰੈਸ਼ੀ ਤੋਂ ਇਹ ਪੁੱਛਿਆ ਕੀ ਪਾਕਿਸਤਾਨ ਮਸੂਦ ਨੂੰ ਗ੍ਰਿਫਤਾਰ ਕਰੇਗਾ ਤਾਂ ਉਨ੍ਹਾਂ ਕਿਹਾ ਕਿ ਜੇ ਭਾਰਤ ਕੋਲ ਸਬੂਤ ਹੈ ਤਾਂ ਸਾਂਝੇ ਕਰੇ, ਇਸ ਤਰ੍ਹਾਂ ਲੋਕਾਂ ਅਤੇ ਨਿਆਂ ਪਾਲਿਕਾ ਨੂੰ ਸੰਤੁਸ਼ਟ ਕੀਤਾ ਜਾ ਸਕਦਾ ਹੈ। ਖਾਸ ਗੱਲ ਇਹ ਕਿ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਖੁਦ ਜੈਸ਼-ਇ-ਮੁਹੰਮਦ ਨੇ ਲਈ ਸੀ, ਪਰ ਵਿਦੇਸ਼ ਮੰਤਰੀ ਕੁਰੈਸ਼ੀ ਨੇ ਇਸ ਦੀ ਕੋਈ ਗੱਲ ਹੀ ਨਹੀਂ ਗੌਲੀ। ਪੁਲ-ਵਾਮਾ ਹਮਲੇ ਮਗਰੋਂ ਭਾਰਤ ਨੇ ਪਾਕਿ-ਸਤਾਨ ਨੂੰ ਡੋਜ਼ੀਅਰ ਵੀ ਸੌਂਪਿਆ ਹੈ, ਜਿਸ ਵਿਚ ਆਤਮਘਾਤੀ ਹਮਲੇ ਵਿੱਚ ਜੈਸ਼-ਏ-ਮੁਹੰਮਦ ਦਾ ਹੱਥ ਹੋਣ ਦਾ ਸਬੂਤ ਦਿੱਤਾ ਹੈ, ਫਿਰ ਵੀ ਉਹ ਪੁਰਾਣੀ ਰੱਟ ਉੱਤੇ ਅੜੇ ਹੋਏ ਹਨ। ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਤਣਾਅ ਨਹੀਂ ਚਾਹੁੰਦਾ, ਭਾਰਤ ਦੇ ਹਮਲੇ ਨਾਲ ਤਣਾਅ ਵਧਿਆ ਹੈ। ਮਸੂਦ ਨੂੰ ਅੰਤਰਰਾਸ਼ਟਰੀ ਅੱਤਵਾਦੀਆਂ ਦੀ ਸੂਚੀ ਵਿਚ ਪਾਉਣ ਦੇ ਮੁੱਦੇ ਉੱਤੇ ਕੁਰੈਸ਼ੀ ਨੇ ਕਿਹਾ, 'ਅਸੀਂ ਅਜਿਹਾ ਹਰ ਕਦਮ ਚੁੱਕਣ ਨੂੰ ਤਿਆਰ ਹਾਂ, ਜਿਸ ਨਾਲ ਤਣਾਅ ਘੱਟ ਹੁੰਦਾ ਹੋਵੇ। ਜੇ ਭਾਰਤ ਕੋਲ ਪੱਕੇ ਸਬੂਤ ਹਨ ਤਾਂ ਬੈਠ ਕੇ ਗੱਲ ਕਰ ਸਕਦੇ ਹਾਂ।'

# ਕ੍ਰਿਕਟ ਮੈਚ ਫਿਕਸਿੰਗ ਕੇਸ ਵਿੱਚ ਬ੍ਰਿਟੇਨ ਤੋਂ ਸੰਜੀਵ ਚਾਵਲਾ ਦੀ ਭਾਰਤ ਹਵਾਲਗੀ ਦੇ ਹੁਕਮ

ਲੰਡਨ, 3 ਮਾਰਚ (ਪੋਸਟ ਬਿਊਰੋ)- ਸੰਨ 2000 ਵਿੱਚ ਕ੍ਰਿਕਟ ਮੈਚ ਫਿਕਸਿੰਗ ਕੇਸ 'ਚ ਭਾਰਤ ਸਰਕਾਰ ਨੂੰ ਲੋੜੀਂਦੇ ਬੁੱਕੀ ਸੰਜੀਵ ਚਾਵਲਾ ਦੀ ਭਾਰਤ ਹਵਾਲਗੀ ਲਈ ਬ੍ਰਿਟੇਨ ਸਰਕਾਰ ਨੇ ਪ੍ਰਵਾਨਗੀ ਦੇ ਦਿੱਤੀ ਹੈ। ਬ੍ਰਿਟੇਨ ਦੇ ਗ੍ਰਹਿ ਮੰਤਰੀ ਨੇ ਸੰਜੀਵ ਚਾਵਲਾ ਦੀ ਭਾਰਤ ਹਵਾਲਗੀ ਦੇ ਦਸਤਾਵੇਜ਼ਾਂ 'ਤੇ ਦਸਤਖਤ ਕਰ ਦਿੱਤੇ ਹਨ, ਜਿਸ ਦੀ ਪੁਸ਼ਟੀ ਗ੍ਰਹਿ ਵਿਭਾਗ ਨੇ ਕੀਤੀ ਹੈ। ਸੰਜੀਵ ਚਾਵਲਾ ਨੂੰ ਭਾਰਤ ਹਵਾਲੇ ਕਰਨ ਦੀ ਵੈਸਟ ਮਨਿਸਟਰ ਅਦਾਲਤ ਵੱਲੋਂ ਹੁਕਮ ਜਾਰੀ ਕਰਨ ਤੋਂ ਬਾਅਦ ਮਾਮਲਾ ਗ੍ਰਹਿ ਮੰਤਰਾਲੇ ਕੋਲ ਭੇਜ ਦਿੱਤਾ ਗਿਆ ਸੀ। ਸੰਨ 2000 ਵਿੱਚ ਦੱਖਣੀ ਅਫਰੀਕਾ ਦੇ ਕਪਤਾਨ ਸਵਰਗੀ ਹੰਸੀ ਕਰੌਨੀਏ ਨਾਲ ਮੈਚ ਫਿਕਸਿੰਗ ਕੇਸ ਵਿੱਚ ਲੋੜੀਂਦੇ ਸੰਜੀਵ ਚਾਵਲਾ ਕੋਲ ਇਸ ਫੈਸਲੇ ਵਿਰੁੱਧ ਅਪੀਲ ਦਾ 14 ਦਿਨ ਦਾ ਸਮਾਂ ਹੈ। ਗ੍ਰਹਿ ਮੰਤਰ-ਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 27 ਫਰਵਰੀ 2019 ਨੂੰ ਗ੍ਰਹਿ ਮੰਤਰੀ ਸਾਜਿਦ ਜਾਵਿਦ ਨੇ ਸੰਬੰਧਤ ਕੇਸ ਨੂੰ ਗੰਭੀਰਤਾ ਨਾਲ ਵਿਚਾਰਨ ਤੋਂ ਬਾਅਦ ਭਾਰਤ ਹਵਾਲਗੀ ਦੇ ਹੁਕਮਾਂ 'ਤੇ ਦਸਤਖਤ ਕੀਤੇ ਹਨ। ਬ੍ਰਿਟੇਨ ਸਰਕਾਰ ਵੱਲੋਂ ਭਾਰਤ ਹਵਾਲਗੀ ਦਾ ਇਹ ਦੂਸਰਾ ਕੇਸ ਹੈ, ਇਸ ਤੋਂ ਪਹਿਲਾਂ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੂੰ 9000 ਕਰੋੜ ਰੁਪਏ ਦੇ ਕਰਜ਼ੇ ਦੇ ਘਪਲੇ ਮਾਮਲੇ ਵਿੱਚ ਭਾਰਤ ਹਵਾਲੇ ਕਰਨ ਦੇ ਹੁਕਮ ਕੀਤੇ ਸਨ। ਵਿਜੇ ਮਾਲਿਆ ਨੇ ਸਰਕਾਰ ਦੇ ਇਸ ਫੈਸਲੇ ਵਿਰੁੱਧ ਲੰਡਨ ਦੀ ਹਾਈ ਕੋਰਟ ਵਿੱਚ ਅਪੀਲ ਕੀਤੀ ਹੋਈ ਹੈ, ਜਿਸ ਦਾ ਫੈਸਲਾ ਅਜੇ ਵਿਚਾਰ ਅਧੀਨ ਹੈ, ਪਰ ਅਜੇ ਤੱਕ ਇਸ ਗੱਲ ਦੀ ਪੁਸ਼ਟੀ ਨਹੀਂ ਹੋਈ ਕਿ ਸੰਜੀਵ ਚਾਵਲਾ ਵੀ ਫੈਸਲੇ



ਭਾਰਤ ਸਰਕਾਰ ਲਈ ਲੋੜੀਂਦਾ ਬੁੱਕੀ ਸੰਜੀਵ ਚਾਵਲਾ।

ਵਿਰੁੱਧ ਅਜਿਹੀ ਹੀ ਅਪੀਲ ਹਾਈ ਕੋਰਟ 'ਚ ਕਰਨਗੇ ਜਾਂ ਨਹੀਂ।

ਜੂਨ 2016 ਵਿੱਚ ਸੰਜੀਵ ਚਾਵਲਾ ਦੀ ਗ੍ਰਿਫਤਾਰੀ ਪਿੱਛੋਂ ਉਹ ਲੰਮੀ ਲੜਾਈ ਲੜ ਰਿਹਾ ਹੈ। ਵੈਸਟ ਮਨਿ-ਸਟਰ ਮੈਜਿਸਟਰੇਟ ਅਦਾਲਤ 'ਚ ਅਕਤੂਬਰ 2017 ਨੂੰ ਹਵਾਲਗੀ ਕੇਸ ਦੀ ਸੁਣਵਾਈ ਮਗਰੋਂ 50 ਸਾਲਾ ਸੰਜੀਵ ਚਾਵਲਾ ਨੂੰ ਤਿਹਾੜ ਜੇਲ੍ਹ ਦਿੱਲੀ ਵਿੱਚ ਰੱਖਣ ਮੌਕੇ ਮਨੁੱਖੀ ਅਧਿਕਾਰਾਂ ਦੀ ਗਾਰੰਟੀ ਨਹੀਂ ਦਿੱਤੀ ਗਈ ਸੀ, ਜਿੱਥੇ ਉਸ ਨੂੰ ਹਵਾਲਗੀ ਪਿੱਛੋਂ ਰੱਖਿਆ ਜਾਣਾ ਹੈ। ਇਸ ਫੈਸਲੇ ਨੂੰ ਬ੍ਰਿਟੇਨ ਦੀ ਹਾਈ ਕੋਰਟ ਵਿੱਚ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਨੇ ਚੁਣੌਤੀ ਦਿੱਤੀ ਸੀ। ਪਿਛਲੇ ਸਾਲ ਲੰਡਨ ਰਾਇਲ ਕੋਰਟ ਆਫ ਜਸਟਿਸ 'ਚ ਲਾਰਡ ਜੱਜ ਲੈਗਟ ਅਤੇ ਜਸਟਿਸ ਡਿੰਗਮਾਨਜ਼ ਨੇ ਭਾਰਤ ਸਰਕਾਰ ਦੀ ਅਪੀਲ ਨੂੰ ਮੰਨ ਕੇ ਵੈਸਟ ਮਨਿਸਟਰ ਮੈਜਿਸਟਰੇਟ ਅਦਾਲਤ ਦੇ ਜ਼ਿਲ੍ਹਾ ਜੱਜ ਨੂੰ ਹੁਕਮਾਂ ਦਾ ਰਿਵਿਊ ਕਰਨ ਲਈ ਕਿਹਾ ਸੀ। ਹਾਈ ਕੋਰਟ ਜੱਜਾਂ ਨੇ ਭਾਰਤ ਸਰਕਾਰ ਵੱਲੋਂ ਜੇਲ੍ਹ ਵਿਚਲੀਆਂ ਸੁਵਿਧਾਵਾਂ, ਸੁਰੱਖਿਆ ਦੇ ਸਬੂਤ ਦਿੱਤੇ ਅਤੇ ਜੇਲ੍ਹ ਵਿੱਚ ਹੁੰਦੀ ਹਿੰਸਾ ਤੋਂ ਬਚਾਅ ਦੀ ਗਾਰੰਟੀ ਦਿੱਤੀ। ਅਦਾਲਤ 'ਚ ਦਿੱਤੇ ਦਸਤਾਵੇਜ਼ਾਂ ਅਨੁਸਾਰ ਚਾਵਲਾ ਦਿੱਲੀ ਦਾ ਜੰਮਪਲ ਕਾਰੋਬਾਰੀ ਹੈ, ਜੋ ਕਾਰੋਬਾਰੀ ਵੀਜ਼ੇ 'ਤੇ 1996 ਵਿੱਚ ਯੂ ਕੇ ਆਇਆ ਸੀ ਅਤੇ ਭਾਰਤ ਆਉਂਦਾ ਜਾਂਦਾ ਰਹਿੰਦਾ ਸੀ। ਸੰਨ 2000 ਵਿੱਚ ਉਸ ਦਾ ਭਾਰਤੀ ਪਾਸਪੋਰਟ ਰੱਦ ਕਰ ਦਿੱਤਾ ਗਿਆ। ਸੰਨ 2005 ਵਿੱਚ ਉਸ ਨੇ ਯੂ ਕੇ ਪਾਸਪੋਰਟ ਹਾਸਲ ਕਰ ਲਿਆ, ਉਸ ਕੋਲ ਇਸ ਵੇਲੇ ਬ੍ਰਿਟਿਸ਼ ਨਾਗਰਿਕਤਾ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਦੱਖਣੀ ਅਫਰੀਕਾ ਕ੍ਰਿਕਟ ਟੀਮ ਦੇ ਕਪਤਾਨ ਸਵਰਗੀ ਹੰਸੀ ਕਰੋਨੀਏ ਨੂੰ ਜਨਵਰੀ ਫਰਵਰੀ 2000 'ਚ ਮਿਲਿਆ ਸੀ। ਚਾਵਲਾ ਅਤੇ ਇੱਕ ਹੋਰ ਵਿਅਕਤੀ ਨੇ ਕ੍ਰਿਕਟ ਮੈਚ ਹਾਰਨ ਲਈ ਪੈਸੇ ਦੀ ਪੇਸ਼ਕਸ਼ ਕੀਤੀ ਸੀ। ਦੱਖਣੀ ਅਫਰੀਕਾ ਟੀਮ ਦੇ ਭਾਰਤੀ ਟੂਰ ਮੌਕੇ ਕਰੌਂਜੇ ਨੂੰ ਅਦਾਇਗੀ ਕੀਤੀ ਗਈ ਸੀ। ਇਸ ਅਦਾਇਗੀ ਵਿੱਚ ਚਾਵਲਾ ਨੇ ਅਹਿਮ ਰੋਲ ਅਦਾ ਕੀਤਾ ਸੀ।

# ਰੂਸ, ਚੀਨ ਦੇ ਵੀਟੋ ਨਾਲ ਵੈਨਜ਼ੁਏਲਾ ਵਿਰੋਧੀ ਮਤਾ ਯੂ ਐਨ ਵਿੱਚ ਡਿੱਗ ਪਿਆ

ਯੂ ਐਨ, 3 ਮਾਰਚ (ਪੋਸਟ ਬਿਊਰੋ)- ਵੈਨਜ਼ੁਏਲਾ ਦੇ ਸੰਕਟ ਨਾਲ ਨਜਿੱਠਣ ਲਈ ਅਮਰੀਕਾ ਵੱਲੋਂ ਯੂ ਐਨ ਸੁਰੱਖਿਆ ਪ੍ਰੀਸ਼ਦ ਵਿੱਚ ਲਿਆਂਦੇ ਗਏ ਮਤੇ ਉੱਤੇ ਰੂਸ ਅਤੇ ਚੀਨ ਨੇ ਵੀਟੋ ਲਾ ਦਿੱਤਾ। ਇਸੇ ਤਰ੍ਹਾਂ ਦੇ ਰੂਸ ਦੇ ਮਤੇ ਨੂੰ ਵੀ ਲੋੜੀਂਦਾ ਸਮਰਥਨ ਨਹੀਂ ਮਿਲ ਸਕਿਆ। ਅਮਰੀਕਾ ਦੇ ਵਿਰੋਧ ਕਾਰਨ ਇਹ ਮਤਾ ਵੀ ਪਾਸ ਨਹੀਂ ਹੋ ਸਕਿਆ।

ਅਮਰੀਕਾ ਦੇ ਮਤੇ ਵਿੱਚ ਵੈਨਜ਼ੁਏਲਾ ਵਿੱਚ ਨਵੇਂ ਸਿਰੇ ਤੋਂ ਰਾਸ਼ਟਰਪਤੀ ਚੋਣਾਂ ਕਰਵਾਉਣ ਅਤੇ ਬਿਨਾਂ ਰੁਕ-ਾਵਟ ਮਨੁੱਖੀ ਮਦਦ ਦੇਣ ਦੀ ਮੰਗ ਕੀਤੀ ਗਈ ਸੀ। ਇਸ ਮਤੇ ਦੇ ਸਮਰਥਨ ਵਿੱਚ 15 ਮੈਂਬਰੀ ਸੁਰੱਖਿਆ ਕੌਂਸਲ ਦੇ ਨੌਂ ਦੇਸ਼ਾਂ ਨੇ ਮਤਦਾਨ ਕੀਤਾ, ਪਰ ਰੂਸ ਅਤੇ ਚੀਨ ਨੇ ਇਸ ਦੇ ਖਿਲਾਫ ਵੀਟੋ ਦਾ ਇਸਤੇਮਾਲ ਕੀਤਾ। ਕੌਂਸਲ ਵਿੱਚ ਕਿਸੇ ਵੀ ਮਤੇ ਨੂੰ ਪਾਸ ਕਰਨ ਲਈ ਜ਼ਰੂਰੀ ਹੈ ਕਿ ਕੌਂਸਲ ਦੇ ਪੰਜ ਪੱਕੇ ਮੈਂਬਰਾਂ ਬ੍ਰਿਟੇਨ, ਚੀਨ, ਫਰਾਂਸ, ਰੂਸ ਤੇ ਅਮਰੀਕਾ ਵਿੱਚੋਂ ਕੋਈ ਵੀਟੋ ਦੀ ਵਰਤੋਂ ਨਾ ਕਰੇ। ਰੂਸ ਦੇ ਖਰੜਾ ਮਤੇ ਵਿੱਚ ਸ਼ਾਂਤੀ ਪੂਰਨ ਤਰੀਕੇ ਨਾਲ ਵੈਨਜ਼ੁਏਲਾ ਮਾਮਲੇ ਨੂੰ ਸੁਲਝਾਉਣ ਦੀ ਅਪੀਲ ਕੀਤੀ ਗਈ ਸੀ। ਇਸ ਦੇ ਪੱਖ ਵਿੱਚ ਸਿਰਫ ਰੂਸ, ਚੀਨ, ਦੱਖਣੀ ਅਫਰੀਕਾ ਤੇ ਗਿੰਨੀ ਨੇ ਵੋਟ ਪਾਏ। ਅਮਰੀਕਾ ਸਮੇਤ ਯੂਰਪੀ ਦੇਸ਼ਾਂ ਅਤੇ ਪੇਰੂ ਨੇ ਰੂਸ ਦੇ ਮਤੇ ਦੇ ਖਿਲਾਫ ਮਤਦਾਨ ਕੀਤਾ। ਵਰਨਣ ਯੋਗ ਹੈ ਕਿ ਆਰਥਿਕ ਸੰਕਟ ਨਾਲ ਜੂਝ ਰਿਹਾ ਵੈਨਜ਼ੁਏਲਾ ਉਸ ਸਮੇਂ ਸਿਆਸੀ ਸੰਕਟ ਵਿੱਚ ਘਿਰ ਗਿਆ, ਜਦੋਂ ਬੀਤੀ ਜਨਵਰੀ ਵਿੱਚ ਵਿਰੋਧੀ ਧਿਰ ਦੇ ਨੇਤਾ ਜੁਆਨ ਗੁਈਦੋ ਨੇ ਖੁਦ ਨੂੰ ਅੰਤ੍ਰਿਮ ਰਾਸ਼ਟਰਪਤੀ ਐਲਾਨ ਕਰ ਦਿੱਤਾ ਸੀ। ਅਮਰੀਕਾ ਸਮੇਤ ਕਰੀਬ 50 ਦੇਸ਼ਾਂ ਨੇ ਗੁਈਦੋ ਦਾ ਸਮਰਥਨ ਕੀਤਾ, ਪਰ ਰੂਸ, ਚੀਨ ਤੇ ਕਈ ਹੋਰ ਦੇਸ਼ਾਂ ਨੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦਾ ਸਾਥ ਦਿੱਤਾ ਸੀ।

# ਭਾਰਤ-ਪਾਕਿ ਨੂੰ ਚੀਨ ਐਟਮੀ ਸ਼ਕਤੀ ਨਹੀਂ ਮੰਨਦਾ

ਬੀਜਿੰਗ, 3 ਮਾਰਚ (ਪੋਸਟ ਬਿਊਰੋ)- ਚੀਨ ਸਰਕਾਰ ਨੇ ਕਿਹਾ ਹੈ ਕਿ ਉਸ ਨੇ ਭਾਰਤ ਅਤੇ ਪਾਕਿਸਤਾਨ ਨੂੰ ਕਦੇ ਵੀ ਐਟਮੀ ਸ਼ਕਤੀ ਵਾਲੇ ਦੇਸ਼ ਦਾ ਦਰਜਾ ਨਹੀਂ ਦਿੱਤਾ। ਉਤਰੀ ਕੋਰੀਆ ਨੂੰ ਵੀ ਉਹ ਇਹ ਦਰਜਾ ਦੇਣ ਨੂੰ ਤਿਆਰ ਨਹੀਂ ਹੈ। ਚੀਨ ਨੇ ਇਹ ਪ੍ਰਤੀਕਿਰਿਆ ਵੀਅਤਨਾਮ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਉਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਦੀ ਸਿਖਰ ਵਾਰਤਾ ਅਸਫਲ ਰਹਿਣ ਪਿੱਛੋਂ ਦਿੱਤੀ ਹੈ।



ਮੰਤਰਾਲੇ ਦੇ ਬੁਲਾਰੇ ਲਿਊ ਕਾਂਗ।

ਇਸ ਸੰਬੰਧ ਵਿੱਚ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਊ ਕਾਂਗ ਨੇ ਕਿਹਾ ਕਿ ਐਟਮੀ ਸ਼ਕਤੀ ਵਾਲੇ ਦੇਸ਼ ਬਾਰੇ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਵਿੱਚ ਉਸ ਦੀ ਪੁਰਾਣੀ ਰਾਏ ਕਾਇਮ ਹੈ। ਉਹ ਦੋਵਾਂ ਨੂੰ ਐਟਮੀ ਹਥਿਆਰਾਂ ਵਾਲਾ ਦੇਸ਼ ਚੀਨ ਨਹੀਂ ਮੰਨਦਾ। ਭਾਰਤ ਨੇ ਐਟਮੀ ਪਸਾਰ ਰੋਕਣ ਦੀ ਸੰਧੀ (ਐਨ ਪੀ ਟੀ) ਉੱਤੇ ਦਸਖਤ ਨਹੀਂ ਕੀਤੇ। ਇਸ ਆਧਾਰ ਉੱਤੇ ਚੀਨ ਭਾਰਤ ਦੇ ਐਟਮੀ ਸਪਲਾ-ਇਰ ਗਰੁੱਪ (ਐਨ ਐਸ ਜੀ) ਵਿੱਚ ਦਾਖਲੇ ਦਾ ਵਿਰੋਧ ਕਰਦਾ ਹੈ। 48 ਮੈਂਬਰੀ ਇਸ ਗਰੁੱਪ ਵਿੱਚ ਸਰਬ ਸੰਮਤੀ ਨਾਲ ਹੀ ਨਵਾਂ ਮੈਂਬਰ ਲਿਆ ਜਾ ਸਕਦਾ ਹੈ। ਮੈਂਬਰੀ ਲਈ ਅਰਜ਼ੀ ਦੇਣ ਵਾਲੇ ਦੇਸ਼ ਦਾ ਐਨ ਪੀ ਟੀ ਉੱਤੇ ਦਸਤਖਤ ਕਰਨਾ ਲਾਜ਼ਮੀ ਹੈ।

# ਭਾਰਤ ਭੇਜਣ ਤੋਂ ਪਹਿਲਾਂ ਪਾਕਿ ਨੇ ਅਭਿਨੰਦਨ ਦਾ ਵੀਡੀਓ ਬਿਆਨ ਰਿਕਾਰਡ ਕੀਤਾ

ਲਾਹੌਰ, 3 ਮਾਰਚ, (ਪੋਸਟ ਬਿਊਰੋ)- ਪਾਇਲਟ ਅਭਿਨੰਦਨ ਵਰਧਮਾਨ ਨੂੰ ਸ਼ੁੱਕਰਵਾਰ ਅਟਾਰੀ-ਵਾਹਗਾ ਬਾਰਡਰ ਉੱਤੇ ਭਾਰਤ ਨੂੰ ਸੌਂਪਣ ਵਿੱਚ ਸਾਢੇ ਚਾਰ ਘੰਟੇ ਦੀ ਦੇਰੀ ਇਸ ਲਈ ਹੋਈ ਕਿ ਪਾਕਿਸਤਾਨੀ ਅਫਸਰਾਂ ਨੇ ਉਨ੍ਹਾਂ ਨੂੰ ਕੈਮਰੇ ਉੱਤੇ ਬਿਆਨ ਦਰਜ ਕਰਾਉਣ ਨੂੰ ਕਿਹਾ ਸੀ। ਇਸ ਪਿੱਛੋਂ ਉਨ੍ਹਾਂ ਨੂੰ ਸਰਹੱਦ ਟੱਪਣ ਤੇ ਵਤਨ ਜਾਣ ਦੀ ਖੁੱਲ੍ਹ ਦਿੱਤੀ ਗਈ, ਪਰ ਇਹ ਸਪੱਸ਼ਟ ਨਹੀਂ ਕਿ ਉਨ੍ਹਾਂ ਨੂੰ ਦਬਾਅ ਵਿਚ ਕੈਮਰੇ ਸਾਹਮਣੇ ਬਿਆਨ ਦੇਣ ਨੂੰ ਕਿਹਾ ਗਿਆ ਜਾਂ ਨਹੀਂ। ਇਸ ਵੀਡੀਓ ਵਿਚ 7 ਕੱਟ ਹਨ, ਜਿਹੜੇ ਸੰਕੇਤ ਦਿੰਦੇ ਹਨ ਕਿ ਇਸ ਨੂੰ ਪਾਕਿਸਤਾਨੀ ਲੋੜ ਅਨੁਸਾਰ ਬਣਾਉਣ ਲਈ ਇਸ ਵਿਚ ਕਾਂਟ-ਛਾਂਟ ਕੀਤੀ ਗਈ ਹੈ। ਪਾਕਿਸਤਾਨ ਸਰਕਾਰ ਨੇ ਸਥਾਨਕ ਵਕਤ ਅਨੁਸਾਰ ਰਾਤ 8.30 ਵਜੇ (ਭਾਰਤੀ ਸਮੇਂ ਮੁਤਾਬਕ 9 ਵਜੇ) ਪਾਇਲਟ ਅਭਿਨੰਦਨ ਦਾ ਵੀਡੀਓ ਦਾ ਇਹ ਸੰਦੇਸ਼ ਸਥਾਨਕ ਮੀਡੀਆ ਨੂੰ ਜਾਰੀ ਕੀਤਾ ਸੀ, ਜਿਸ ਵਿਚ ਅਭਿਨੰਦਨ ਨੇ ਦੱਸਿਆ ਹੈ ਕਿ ਉਸ ਨੂੰ ਕਿਵੇਂ ਫੜਿਆ ਗਿਆ ਸੀ।

ਪਾਕਿਸਤਾਨੀ ਫੌਜ ਦੇ ਇਕ ਜਾਣਕਾਰ ਸੂਤਰ ਨੇ ਕਿਹਾ, 'ਅਭਿਨੰਦਨ ਦਾ ਵੀਡੀਓ ਸੰਦੇਸ਼ ਰਿਕਾਰਡ ਕਰਨ ਕਰ ਕੇ ਉਸ ਨੂੰ ਭਾਰਤ ਨੂੰ ਸੌਂਪਣ ਵਿਚ ਦੇਰੀ ਹੋਈ।' ਵੀਡੀਓ ਸੰਦੇਸ਼ ਵਿਚ ਅਭਿਨੰਦਨ ਨੇ ਕਿਹਾ ਕਿ ਉਹ ਨਿਸ਼ਾਨਾ ਲੱਭਣ ਲਈ ਪਾਕਿਸਤਾਨੀ ਹਵਾਈ ਇਲਾਕੇ ਵਿਚ ਦਾਖਲ ਹੋਇਆ, ਪਰ ਉਸ ਦੇ ਜਹਾਜ਼ ਨੂੰ ਡੇਗ ਲਿਆ ਗਿਆ। ਉਨ੍ਹਾਂ ਕਿਹਾ, 'ਜਦੋਂ ਮੈਂ ਨਿਸ਼ਾਨੇ ਦੀ ਖੋਜ ਵਿਚ ਸੀ ਤਾਂ ਤੁਹਾਡੀ (ਪਾਕਿਸਤਾਨੀ) ਹਵਾਈ ਫੌਜ ਨੇ ਮੇਰਾ ਜਹਾਜ਼ ਸੁੱਟ ਲਿਆ। ਮੈਨੂੰ ਜਹਾਜ਼ ਤੋਂ ਛਾਲ ਮਾਰਨੀ ਪਈ, ਕਿਉਂਕਿ ਜਹਾਜ਼ ਦਾ ਬੜਾ ਨੁਕਸਾਨ ਹੋਇਆ ਸੀ। ਜਦੋਂ ਮੈਂ ਬਾਹਰ ਕੁੱਦਿਆ ਤੇ ਮੇਰਾ ਪੈਰਾਸ਼ੂਟ ਖੁੱਲ੍ਹਿਆ ਤਾਂ ਮੈਂ ਹੇਠਾਂ ਆ ਡਿੱਗਾ, ਮੇਰੇ ਕੋਲ ਪਿਸਤੌਲ ਸੀ।' ਅਭਿਨੰਦਨ ਨੇ ਕਿਹਾ, 'ਉਥੇ ਕਾਫੀ ਲੋਕ ਸਨ, ਮੇਰੇ ਕੋਲ ਬਚਣ ਦਾ ਇਕੋ ਰਸਤਾ ਸੀ, ਮੈਂ ਆਪਣਾ ਪਿਸਤੌਲ ਸੁੱਟ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਲੋਕਾਂ ਨੇ ਮੇਰਾ ਪਿੱਛਾ ਕੀਤਾ, ਉਹ ਬੜੇ ਭੜਕੇ ਹੋਏ ਸਨ। ਫਿਰ ਉਥੇ ਪਾਕਿਸਤਾਨੀ ਫੌਜ ਦੇ ਦੋ ਅਧਿਕਾਰੀ ਆਏ ਤੇ ਮੈਨੂੰ ਬਚਾਅ ਲਿਆ। ਪਾਕਿਸਤਾਨੀ ਫੌਜ ਨੇ ਮੈਨੂੰ ਲੋਕਾਂ ਤੋਂ ਬਚਾਇਆ ਤੇ ਮੈਨੂੰ ਕੋਈ ਸੱਟ ਨਹੀਂ ਲੱਗਣ ਦਿੱਤੀ। ਉਹ ਮੈਨੂੰ ਆਪਣੀ ਯੂਨਿਟ ਲੈ ਗਏ, ਜਿਥੇ ਮੇਰਾ ਮੁੱਢਲਾ ਇਲਾਜ ਕਰ ਕੇ ਮੈਨੂੰ ਅਗਲੀ ਮੈਡੀਕਲ ਜਾਂਚ ਲਈ ਹਸਪਤਾਲ ਲਿਜਾਇਆ ਗਿਆ ਅਤੇ ਉਥੇ ਮੇਰਾ ਇਲਾਜ ਹੋਇਆ।' ਵਿੰਗ ਕਮਾਂਡਰ ਅਭਿਨੰਦਨ ਨੇ ਕਿਹਾ, 'ਫੌਜੀ ਜਵਾਨਾਂ ਨੇ ਮੈਨੂੰ ਭੀੜ ਤੋਂ ਬਚਾਇਆ ਹੈ। ਪਾਕਿਸਤਾਨੀ ਫੌਜ ਬੜੀ ਪਰੋਫੈਸ਼ਨਲ ਹੈ ਅਤੇ ਮੈਂ ਇਸ ਤੋਂ ਬਹੁਤ ਪ੍ਰਭਾਵਿਤ ਹਾਂ।'

# ਭਾਰਤ ਸਮੇਤ ਕਿਸੇ ਵੀ ਦੇਸ਼ ਦੇ ਖਿਲਾਫ ਅੱਤਵਾਦ ਲਈ ਪਾਕਿ ਦੀ ਧਰਤੀ ਨਹੀਂ ਵਰਤੀ ਜਾਏਗੀ: ਕੁਰੈਸ਼ੀ

ਇਸਲਾਮਾਬਾਦ, 3 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਆਪਣੀ ਜ਼ਮੀਨ ਨੂੰ ਭਾਰਤ ਸਣੇ ਕਿਸੇ ਵੀ ਦੇਸ਼ ਖਿਲਾਫ ਅੱਤਵਾਦ ਲਈ ਵਰਤਣ ਦੀ ਆਗਿਆ ਨਹੀਂ ਦੇਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਜੈਸ਼-ਏ-ਮੁਹੰਮਦ ਅੱਤਵਾਦੀ ਗਰੁੱਪ ਦਾ ਮੁੱਖ ਕੇਂਦਰ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਓਥੋਂ ਕੋਈ ਇਹੋ ਜਿਹੀ ਹਰਕਤ ਨਹੀਂ ਹੋਣ ਦਿੱਤੀ ਜਾਵੇਗੀ।



ਇਸ ਬਾਰੇ ਭਾਰਤ ਸਰਕਾਰ ਨੇ ਪਿਛਲੇ ਬੁੱਧਵਾਰ ਪਾਕਿਸਤਾਨ ਨੂੰ ਡੋਜ਼ੀਅਰ ਸੌਂਪ ਕੇ ਪੁਲਵਾਮਾ ਹਮਲੇ ਵਿੱਚ ਜੈਸ਼-ਏ-ਮੁਹੰਮਦ ਦੀ ਸ਼ਮੂਲੀਅਤ ਤੇ ਪਾਕਿਸਤਾਨ ਵਿੱਚ ਇਸ ਅੱਤਵਾਦੀ ਗਰੁੱਪ ਦੇ ਕੈਂਪਾਂ ਦੀ ਹੋਣ ਬਾਰੇ ਬਿਊਰਾ ਦਿੱਤਾ ਸੀ। ਜੈਸ਼-ਏ-ਮੁਹੰਮਦ ਨੂੰ ਯੂ ਐੱਨ ਓ ਨੇ ਪਹਿਲਾਂ ਤੋਂ ਹੀ ਪਾਬੰਦੀ ਸ਼ੁਦਾ ਅੱਤਵਾਦੀ ਗਰੁੱਪ ਐਲਾਨ ਕੀਤਾ ਪਿਆ ਹੈ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਭਾਰਤ ਨੇ ਆਪਣਾ ਡੋਜ਼ੀਅਰ ਸੌਂਪਿਆ ਹੈ, ਜੇ ਭਾਰਤ ਇਸ ਬਾਰੇ ਗੱਲ ਕਰਨਾ ਚਾਹੁੰਦਾ ਹੈ ਤਾਂ ਅਸੀਂ ਉਸ ਦੇ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਨਵੀਂ ਸੋਚ ਤੇ ਨਵੇਂ ਰੁਖ ਦੀ ਨਵੀਂ ਸਰਕਾਰ ਦੀਆਂ ਨੀਤੀਆਂ ਬਿਲਕੁਲ ਸਪੱਸ਼ਟ ਹਨ।

ਬੀ ਬੀ ਸੀ ਨੇ ਪਾਕਿ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੇ ਹਵਾਲੇ ਨਾਲ ਕਿਹਾ ਕਿ ਉਹ ਕਿਸੇ ਵੀ ਗਰੁੱਪ ਜਾਂ ਸੰਗਠਨ ਨੂੰ ਭਾਰਤ ਸਣੇ ਕਿਸੇ ਵੀ ਦੇਸ਼ ਦੇ ਖਿਲਾਫ ਅੱਤਵਾਦੀ ਗਤੀਵਿਧੀਆਂ ਲਈ ਪਾਕਿਸਤਾਨੀ ਜ਼ਮੀਨ ਦੀ ਵਰਤੋਂ ਨਹੀਂ ਕਰਨ ਦੇਣਗੇ। ਪੁਲਵਾਮਾ ਵਿੱਚ 14 ਫਰਵਰੀ ਵਾਲੇ ਅੱਤਵਾਦੀ ਹਮਲੇ ਦੀ ਜ਼ਿੰਮੇਦਾਰੀ ਜੈਸ਼-ਏ-ਮੁਹੰਮਦ ਨੇ ਲਈ ਸੀ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
HomeLife SilverCity
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacouasy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater
Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...
Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11,
Toronto, ON M2K 0A6

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT BRAND NEW MACHINES 2018
Chevron Delo
Special OIL CHANGE Rates
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

# ਨਕਸਲੀਆਂ ਵੱਲੋਂ ਮਾਰੇ ਗਏ ਕਾਂਗਰਸੀ ਆਗੂ ਦਾ ਪੁੱਤਰ ਡਿਪਟੀ ਕੁਲੈਕਟਰ ਬਣਾ ਦਿੱਤਾ

ਰਾਏਪੁਰ, 3 ਮਾਰਚ (ਪੋਸਟ ਬਿਊਰੋ)- ਛੱਤੀਸਗੜ੍ਹ ਸਰਕਾਰ ਨੇ ਸਾਬਕਾ ਕਾਂਗਰਸੀ ਆਗੂ ਮਹੇਂਦਰ ਕਰਮਾ ਦੇ ਪੁੱਤਰ ਆਸ਼ੀਸ਼ ਕਰਮਾ ਨੂੰ ਡਿਪਟੀ ਕੁਲੈਕਟਰ ਲਾ ਦਿੱਤਾ ਹੈ। ਕੱਲ੍ਹ ਮੁੱਖ ਮੰਤਰੀ ਭੂਪੇਸ਼ ਬਘੇਲ ਦੇ ਘਰ ਹੋਈ ਰਾਜ ਦੀ ਕੈਬਨਿਟ ਪੱਧਰ ਦੀ ਮੀਟਿੰਗ ਵਿੱਚ ਆਸ਼ੀਸ਼ ਨੂੰ ਤਰਸ ਦੇ ਆਧਾਰ 'ਤੇ ਨਿਯੁਕਤੀ ਦੇਣ ਦਾ ਫੈਸਲਾ ਲਿਆ ਗਿਆ ਹੈ।

ਵਰਨਣ ਯੋਗ ਹੈ ਕਿ 'ਬਸਤਰ ਟਾਈਗਰ' ਦੇ ਨਾਂਅ ਨਾਲ ਮਸ਼ਹੂਰ ਰਹੇ ਮਹੇਂਦਰ ਕਰਮੇ ਦੀ 2013 ਵਿੱਚ ਝੀਰਮ ਘਾਟੀ ਵਿੱਚ ਨਕਸਲੀਆਂ ਨੇ ਹੱਤਿਆ ਕਰ ਦਿੱਤੀ ਸੀ। ਅਸ਼ੀਸ਼ ਕਰਮਾ ਦੀ ਪੜ੍ਹਾਈ ਪੂਰੀ ਨਾ ਹੋਣ ਕਾਰਨ ਤਰਸ ਆਧਾਰ ਉੱਤੇ ਨਿਯੁਕਤੀ ਕਰਨ ਦਾ ਇਹ ਕੇਸ ਲਟਕ ਰਿਹਾ ਸੀ। ਆਸ਼ੀਸ਼ ਬੀ ਏ ਦੀ ਡਿਗਰੀ ਪ੍ਰਾਪਤ ਕਰ ਚੁੱਕਾ ਹੈ। ਕੈਬਨਿਟ ਦੀ ਮੀਟਿੰਗ ਮਗਰੋਂ ਖੇਤੀ ਮੰਤਰੀ ਰਵਿੰਦਰ ਚੌਬੇ ਨੇ ਦੱਸਿਆ ਕਿ ਆਸ਼ੀਸ਼ ਨੂੰ ਤਰਸ ਦੇ ਆਧਾਰ ਉੱਤੇ ਨਿਯੁਕਤੀ ਦੀ ਅਰਜ਼ੀ ਸਰਕਾਰ ਨੂੰ ਮਿਲੀ ਸੀ। ਕੈਬਨਿਟ ਨੇ ਉਨ੍ਹਾਂ ਨੂੰ ਡਿਪਟੀ ਕੁਲੈਕਟਰ ਬਣਾਉਣ ਦਾ ਫੈਸਲਾ ਕੀਤਾ ਹੈ।

25 ਮਈ 2013 ਨੂੰ ਬਸਤਰ ਦੇ ਝੀਰਮ ਘਾਟੀ ਵਿੱਚ ਹੋਏ ਨਕਸਲੀ ਹਮਲੇ ਦੌਰਾਨ ਕਾਂਗਰਸ ਦਾ ਉਦੋਂ ਦਾ ਸੂਬਾ ਪ੍ਰਧਾਨ ਨੰਦ ਕੁਮਾਰ ਪਟੇਲ, ਉਸ ਦਾ ਪੁੱਤਰ ਦਿਨੇਸ਼, ਵਿਰੋਧੀ ਧਿਰ ਦਾ ਸਾਬਕਾ ਆਗੂ ਮਹੇਂਦਰ ਕਰਮਾ ਅਤੇ ਵਿਦਿਆ ਚਰਨ ਸ਼ੁਕਲ ਆਦਿ ਦਾ ਕਤਲ ਹੋ ਗਿਆ ਸੀ। ਇਸ ਦੌਰਾਨ 10 ਸੁਰੱਖਿਆ ਮੁਲਾਜ਼ਮਾਂ ਸਣੇ 20 ਜਣੇ ਮਾਰੇ ਗਏ ਸਨ।

# ਗੱਡੀ ਖੋਹ ਕੇ ਭੱਜਦਾ ਗੈਂਗਸਟਰ ਜਗਸੀਰ ਸੀਰਾ ਪੁਲਸ ਮੁਕਾਬਲੇ ਵਿੱਚ ਮਾਰਿਆ

ਸਿਰਸਾ, 3 ਮਾਰਚ (ਪੋਸਟ ਬਿਊਰੋ)- ਸਿਰਸਾ ਦੇ ਬਰਨਾਲਾ ਰੋਡ ਤੋਂ ਫਾਰਚੂਨਰ ਗੱਡੀ ਲੁੱਟ ਕੇ ਭੱਜਦੇ ਹੋਏ ਪੰਜਾਬ ਦੇ ਮੋਸਟ ਵਾਂਟਿਡ ਗੈਂਗਸਟਰ ਜਗਸੀਰ ਸੀਰਾ ਦੀ ਚੌਟਾਲਾ ਪੁਲਸ ਨਾਲ ਮੁਕਾਬਲੇ ਵਿੱਚ ਸਿਰ 'ਤੇ ਗੋਲੀ ਲੱਗਣ ਨਾਲ ਮੌਤ ਹੋ ਗਈ। ਗੱਡੀ 'ਚ ਸਵਾਰ ਸੀਰਾ ਦੇ ਇੱਕ ਸਾਥੀ ਨੂੰ ਪੁਲਸ ਨੇ ਫੜ ਲਿਆ ਤੇ ਇੱਕ ਹੋਰ ਦੋਸ਼ੀ ਚਕਮਾ ਦੇ ਕੇ ਭੱਜ ਗਿਆ। ਪੁਲਸ ਨੇ ਭੱਜਣ ਵਾਲੇ ਗੈਂਗਸਟਰ ਦੀ ਪਛਾਣ ਫਰੀਦਕੋਟ ਵਾਸੀ ਲਖਵਿੰਦਰ ਵਜੋਂ ਕੀਤੀ ਹੈ।

ਮਿਲੀ ਸੂਚਨਾ ਅਨੁਸਾਰ ਸਿਰਸਾ ਦੇ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਮੀਰ ਚਾਵਲਾ ਦਾ ਪੁੱਤਰ ਕਰਣ ਚਾਵਲਾ ਸ਼ੁੱਕਰਵਾਰ ਰਾਤ ਕੁਵੇਲੇ ਆਪਣੀ ਫਾਰਚੂਨਰ ਗੱਡੀ ਲੈ ਕੇ ਘਰੋਂ ਗਿਆ ਤਾਂ ਘਰ ਤੋਂ 500 ਮੀਟਰ ਦੂਰ ਬਰਨਾਲਾ ਰੋਡ 'ਤੇ ਗੈਂਗਸਟਰ ਜਗਸੀਰ ਸੀਰਾ ਤੇ ਉਸ ਦੇ ਸਾਥੀਆਂ ਨੇ ਕਰਣ ਨੂੰ ਪਿਸਤੌਲ ਦਿਖਾ ਕੇ ਗੱਡੀ ਲੁੱਟ ਲਈ ਅਤੇ ਫਰਾਰ ਹੋ ਗਏ। ਕਰਣ ਚਾਵਲਾ ਤੇ ਉਸ ਦੇ ਪਿਤਾ ਨੇ ਇਸ ਬਾਰੇ ਪੁਲਸ ਨੂੰ ਦੱਸਿਆ। ਪੁਲਸ ਨੇ ਫੁਰਤੀ ਨਾਲ ਹਰ ਪਾਸੇ ਨਾਕੇਬੰਦੀ ਕਰਵਾ ਦਿੱਤੀ। ਗੈਂਗਸਟਰ ਗੱਡੀ ਲੈ ਕੇ ਪਿੰਡ ਚੌਟਾਲਾ ਕੋਲੋਂ ਹਰਿਆਣਾ ਰਾਜਸਥਾਨ ਸੀਮਾ ਵੱਲ ਭੱਜਣ ਦੀ ਕੋਸ਼ਿਸ਼ ਕਰ ਰਹੇ ਸੀ। ਚੌਟਾਲਾ ਪੁਲਸ ਚੌਕੀ ਦੇ ਮੁਲਾਜ਼ਮਾਂ ਨੇ ਗੱਡੀ ਵੇਖ ਕੇ ਰੋਕਣ ਦਾ ਇਸ਼ਾਰਾ



ਕੀਤਾ। ਗੈਂਗਸਟਰ ਨੇ ਗੱਡੀ ਰੋਕਣ ਦੀ ਥਾਂ ਤੇਜ਼ ਭਜਾ ਲਈ। ਜਦੋਂ ਪੁਲਸ ਨੇ ਪਿੱਛਾ ਕੀਤਾ ਤਾਂ ਗੈਂਗਸਟਰਾਂ ਨੇ ਪੁਲਸ ਦੀ ਟੀਮ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਪੁਲਸ ਨੇ ਜਵਾਬੀ ਫਾਇਰਿੰਗ ਕੀਤੀ ਤਾਂ ਇੱਕ ਗੋਲੀ ਗੈਂਗਸਟਰ ਜਗਸੀਰ ਸੀਰਾ ਦੇ ਸਿਰ ਵਿੱਚ ਲੱਗੀ, ਜਿਸ ਕਰ ਕੇ ਉਹ ਗੰਭੀਰ ਜ਼ਖਮੀ ਹੋ ਗਿਆ। ਫਾਰਚੂਨਰ ਗੱਡੀ ਬੇਕਾਬੂ ਹੋ ਕੇ ਰੁੱਖ ਨਾਲ ਜਾ ਵੱਜੀ। ਪੁਲਸ ਨੇ ਜ਼ਖਮੀ ਹਾਲਤ 'ਚ ਸੀਰਾ ਨੂੰ ਇਲਾਜ ਲਈ ਸਿਰਸਾ ਦੇ ਸਰਕਾਰੀ ਹਸਪਤਾਲ ਭਰਤੀ ਕਰਾਇਆ, ਪਰ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਦੇਖਦੇ ਹੋਏ ਉਸ ਨੂੰ ਅਗਰੋਹਾ ਮੈਡੀਕਲ ਕਾਲਜ ਨੂੰ ਰੈਫਰ ਕਰ ਦਿੱਤਾ। ਓਥੇ ਜਾ ਕੇ ਜਗਸੀਰ ਸੀਰਾ ਦੀ ਮੌਤ ਹੋ ਗਈ। ਜਗਸੀਰ ਸੀਰਾ ਮੋਸਟ ਵਾਂਟਿਡ ਗੈਂਗਸਟਰ ਸੀ ਤੇ ਉਸ ਦੇ ਖਿਲਾਫ ਪੁਲਸ ਕੋਲ ਕਈ ਕੇਸ ਦਰਜ ਸਨ। ਪੁਲਸ ਨੇ ਸੀਰਾ ਦੇ ਜਿਸ ਸਾਥੀ ਨੂੰ ਫੜਿਆ ਹੈ, ਉਸ ਦੀ ਪਛਾਣ ਸੰਦੇਸ਼ ਵਾਸੀ ਸੰਗਰੀਆਂ ਰਾਜਸਥਾਨ ਵਜੋਂ ਹੋਈ ਹੈ।

# ਰਾਬਰਟ ਵਾਡਰਾ ਦੀ ਗ੍ਰਿਫਤਾਰੀ 19 ਮਾਰਚ ਤੱਕ ਰੋਕ ਦਿੱਤੀ ਗਈ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਪਟਿਆਲਾ ਹਾਊਸ ਕੋਰਟ ਦੀ ਵਿਸ਼ੇਸ਼ ਅਦਾਲਤ ਨੇ ਰਾਬਰਟ ਵਾਡਰਾ ਦੀ ਗ੍ਰਿਫਤਾਰੀ ਉੱਤੇ ਅੰਤ੍ਰਿਮ ਜ਼ਮਾਨਤ ਦੀ ਮਿਆਦ 19 ਮਾਰਚ ਤੱਕ ਵਧਾ ਦਿੱਤੀ ਅਤੇ ਦੂਸਰੇ ਦੋਸ਼ੀ ਮਨੋਜ ਅਰੋੜਾ ਨੂੰ ਵੀ 19 ਮਾਰਚ ਤੱਕ ਗ੍ਰਿਫਤਾਰੀ ਤੋਂ ਰਾਹਤ ਦੇ ਦਿੱਤੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ+ ਨੇ ਅਦਾਲਤ ਵਿੱਚ ਕਿਹਾ ਕਿ ਵਾਡਰਾ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਹੇ। ਵਾਡਰਾ ਦੇ ਵਕੀਲ ਨੇ ਦੋਸ਼ ਰੱਦ ਕਰਦਿਆਂ ਕਿਹਾ ਕਿ ਏਜੰਸੀ ਨੇ ਜਦੋਂ ਵੀ ਪੁੱਛਗਿੱਛ ਲਈ ਵਾਡਰਾ ਨੂੰ ਸੱਦਿਆ ਹੈ, ਉਨ੍ਹਾਂ ਨੇ ਜਾਂਚ ਵਿੱਚ ਸਹਿਯੋਗ ਕੀਤਾ ਹੈ। ਅਦਾਲਤ ਨੇ ਸੁਣਵਾਈ ਦੌਰਾਨ ਨਿਰਦੇਸ਼ ਦਿੱਤਾ ਕਿ ਏਜੰਸੀ ਜਦੋਂ ਵੀ ਪੁੱਛਗਿੱਛ ਲਈ ਸੱਦੇ ਤਾਂ ਜਾਣਾ ਪਵੇਗਾ।

ਵਰਨਣ ਯੋਗ ਹੈ ਕਿ ਵਾਡਰਾ ਵਿਰੁੱਧ ਵਿਦੇਸ਼ ਵਿੱਚ ਸ਼ੱਕੀ ਜਾਇਦਾਦ ਤੇ ਬੀਕਾਨੇਰ 'ਚ ਜ਼ਮੀਨ ਖਰੀਦਣ ਦੀ ਜਾਂਚ ਚੱਲ ਰਹੀ ਹੈ। ਉਸ ਨੇ ਅਦਾਲਤ ਵਿੱਚ ਪੇਸ਼ਗੀ ਜ਼ਮਾਨਤ ਪਟੀਸ਼ਨ ਕੀਤੀ ਸੀ, ਪਰ ਉਨ੍ਹਾਂ ਨੂੰ ਦੋ ਮਾਰਚ ਤੱਕ ਗ੍ਰਿਫਤਾਰੀ ਤੋਂ ਅੰਤ੍ਰਿਮ ਰਾਹਤ ਦਿੱਤੀ ਗਈ ਸੀ। ਇਸ ਨੂੰ 19 ਮਾਰਚ ਤੱਕ ਵਧਾ ਦਿੱਤਾ ਗਿਆ ਹੈ। ਲੰਡਨ ਵਿੱਚ ਇੱਕ ਫਲੈਟ ਬਾਰੇ ਈ ਡੀ ਨੇ ਵਾਡਰਾ ਦੇ ਕਰੀਬੀ ਸਹਿਯੋਗੀ ਮਨੋਜ ਅਰੋੜਾ ਵਿਰੁੱਧ ਕੇਸ ਦਰਜ ਕੀਤਾ ਸੀ। ਈ ਡੀ ਦਾ ਦੋਸ਼ ਹੈ ਕਿ ਫਲੈਟ ਅਰੋੜਾ ਦਾ ਨਹੀਂ, ਵਾਡਰਾ ਦਾ ਹੈ। ਫਲੈਟ ਹਥਿਆਰ ਡੀਲਰ ਸੰਜੇ ਭੰਡਾਰੀ ਤੋਂ 2010 ਵਿੱਚ ਖਰੀਦਿਆ ਗਿਆ ਸੀ।

## ਹਾਰਡਵੇਅਰ ਨੂੰ ਸਾਈਬਰ ਹਮਲੇ ਤੋਂ ਬਚਾਉਣ ਦੇ ਲਈ ਐਲਗੋਰਿਦਮ ਵਿਕਸਿਤ

ਵਾਸ਼ਿੰਗਟਨ, 3 ਮਾਰਚ (ਪੋਸਟ ਬਿਊਰੋ)- ਵਿਗਿਆਨੀਆਂ ਨੇ ਇੱਕ ਐਲਗੋਰਿਦਮ ਵਿਕਸਿਤ ਕੀਤਾ ਹੈ, ਜੋ ਡਾਟਾ ਚੋਰੀ ਦੇ ਲਈ ਕੀਤੇ ਹਮਲਿਆਂ ਤੋਂ ਹਾਰਡਵੇਅਰ ਦੀ ਸੁਰੱਖਿਆ ਕਰਦਾ ਹੈ। ਇਨ੍ਹਾਂ ਹਮਲਿਆਂ ਵਿੱਚ ਹੈਕਰ ਇਲੈਕਟ੍ਰਾਨਿਕ ਯੰਤਰਾਂ ਦੇ ਹਾਰਡਵੇਅਰ 'ਚ ਊਰਜਾ ਅਤੇ ਬਿਜਲਈ ਚੁੰਬਕੀ ਕਿਰਨਾਂ ਦੀਆਂ ਵੰਨ-ਸੁਵੰਨਤਾਵਾਂ ਦਾ ਪਤਾ ਲਾਉਂਦੇ ਅਤੇ ਉਸ ਦੀ ਵਰਤੋਂ ਕਰ ਕੇ ਇੱਕ ਕੋਡ 'ਚ ਬਦਲ ਕੇ ਡਾਟਾ (ਐਂਕ੍ਰਿਪਟੇਡ ਜਾਣਕਾਰੀ) ਚੋਰੀ ਕਰਦੇ ਹਨ।

ਅਮਰੀਕਾ ਵਿੱਚ ਯੂਨੀਵਰਸਿਟੀ ਆਫ ਵਿਓਮਿੰਗ 'ਚ ਸਹਾਇਕ ਮਾਈਕ ਬੋਰੋਵਿਜਕ ਨੇ ਕਿਹਾ ਕਿ ਆਮ ਤੌਰ 'ਤੇ ਅਸੀਂ ਮੰਨਦੇ ਹਾਂ ਕਿ ਅਸੀਂ ਸੁਰੱਖਿਅਤ ਸਾਫਟਵੇਅਰ ਰੱਖਦੇ ਹਾਂ, ਅਸੀਂ ਸਭ ਸੁਰੱਖਿਅਤ ਕਰ ਸਕਦੇ ਹਾਂ। ਬੋਰੋਵਿਜਕ ਨੇ ਕਿਹਾ ਕਿ ਤੁਸੀਂ ਆਪਣੇ ਸਾਫਟਵੇਅਰ ਨੂੰ ਕਿੰਨਾ ਵੀ ਸੁਰੱਖਿਅਤ ਬਣਾ ਲਵੋ, ਜੇ ਹਾਰਡਵੇਅਰ ਜਾਣਕਾਰੀ ਲੀਕ ਕਰਦਾ ਹੈ ਤਾਂ ਤੁਸੀਂ ਮੂਲ ਰੂਪ ਨਾਲ ਉਨ੍ਹਾਂ ਸਾਰੇ ਸੁਰੱਖਿਆ ਸਿਸਟਮਾਂ ਨੂੰ ਨਾਕਾਮ ਕਰ ਸਕਦੇ ਹੋ।

## ਚੋਣ ਪ੍ਰਬੰਧਾਂ ਬਾਰੇ ਸਰਕਾਰੀ ਸਟਾਫ ਦਾ ਲਹਿਜਾ ਵਧੀਕ ਮੁੱਖ ਚੋਣ ਅਧਿਕਾਰੀ ਨੂੰ ਚੰਗਾ ਨਹੀਂ ਲੱਗਾ

ਜਲੰਧਰ, 3 ਮਾਰਚ, (ਪੋਸਟ ਬਿਊਰੋ)- ਲੋਕ ਸਭਾ ਚੋਣ ਪ੍ਰੀਕਿਰਿਆ ਬਾਰੇ ਆਮ ਵੋਟਰਾਂ ਨੂੰ ਜਾਣਕਾਰੀ ਦੇਣ, ਉਨ੍ਹਾਂ ਕੋਲੋਂ ਫੀਡਬੈਕ, ਸਲਾਹ ਤੇ ਸ਼ਿਕਾਇਤਾਂ ਲੈਣ ਲਈ ਵਿਸ਼ੇਸ਼ ਤੌਰ ਉੱਤੇ ਬਣਾਈ ਟੋਲ ਫਰੀ ਵੋਟਰ ਹੈੱਲਪਲਾਈਨ ਉੱਤੇ ਸਰਕਾਰੀ ਸਟਾਫ ਦਾ ਰੁਖ ਪੰਜਾਬ ਦੀ ਵਧੀਕ ਮੁੱਖ ਚੋਣ ਅਧਿਕਾਰੀ ਨੂੰ ਚੰਗਾ ਨਹੀਂ ਲੱਗਾ।

